DES PUNJAB 1048/15—B, CHANDIGARH REGD. No. NW/CH-66

*With best compliments from :*

**The Managing Director**

PUNJSTAR Standard Electronics Ltd.

STANDARD TV



- World's first 7 IC circuit
- Superb picture clarity
- Excellent sound reproduction
- Prompt & effective after sales service
- 2 years service free
- 3 years guarantee for IC
- 4 years guarantee for picture tube

JAISONS/PE/108

*Makers of :* **PRESTIGIOUS STANDARD TV**

**PUNJSTAR Standard Electronics Ltd.**

A-12, PHASE VI, S.A.S. NAGAR, Distt. Ropar

Title printed at Associated Printers, 226, Industrial Area, Chd.
Phone : 22379



# ਮਸੀਹਾ ਸੂਲੀ ਤੇ ਮੁਸਕ੍ਰਾਇਆ

ਹਰਚਰਨ ਸਿੰਘ

# ਮਸੀਹਾ
# ਸੂਲੀ
# ਤੇ
# ਮੁਸਕ੍ਰਾਇਆ

## ਹਰਚਰਨ ਸਿੰਘ ਰਚਿਤ ਹੋਰ ਪੁਸਤਕਾਂ

**ਨਾਟਕ** : 'ਕਲ, ਅਜ ਤੇ ਭਲਕ', ਸ਼ੋਭਾ ਸ਼ਕਤੀ, ਚਮਕੌਰ ਦੀ ਗੜ੍ਹੀ, ਅਨਜੋੜ, ਦੰਭ, ਰੱਤਾ ਸਾਲੂ, ਰਾਜਾ ਪੋਰਸ, ਦੂਰ ਦੁਰਾਡੇ ਸ਼ਹਿਰੋਂ, ਹਾਜੀ ਸੁਲਤਾਨ, ਤੇਰਾ ਘਰ ਸੋ ਮੇਰਾ ਘਰ, ਕੰਚਨ ਮਾਟੀ, ਪੁੰਨਿਆ ਦਾ ਚੰਨ ਆਦਿ ।

**ਇਕਾਂਗੀ** : ਮੁੜ੍ਹਕੇ ਦੀ ਖੁਸ਼ਬੋ, ਜੀਵਨ ਲੀਲ੍ਹਾ, ਸਪਤ ਰਿਸ਼ੀ, ਪੰਚ ਗੀਟੜਾ, ਮੇਰੇ ਚੋਣਵੇਂ ਇਕਾਂਗੀ, ਜ਼ਫ਼ਰਨਾਮਾ ਤੇ ਹੋਰ ਇਕਾਂਗੀ ।

**ਕਹਾਣੀ** : ਸਿੱਪੀਆਂ, ਨਵੀਂ ਸਵੇਰ, ਮੇਰੀ ਚੋਣਵੀਂ ਕਹਾਣੀ ।

**ਸੰਪਾਦਨਾ** : ਪੰਜਾਬੀ ਸਾਹਿਤ ਧਾਰਾ, ਨੰਦਾ ਦੇ ਸਾਰੇ ਦੇ ਸਾਰੇ ਨਾਟਕ, ਰੰਗ ਮੰਚ ਤੇ ਖੇਡਣ ਲਈ ਚੋਣਵੇਂ ਇਕਾਂਗੀ, ਪੰਡਤ ਸ਼ਰਧਾ ਰਾਮ ਫਿਲੌਰੀ, ਸਤ ਚੋਣਵੇਂ ਇਕਾਂਗੀ ।

**ਆਲੋਚਨਾ** : ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ, ਨਾਟਕਕਲਾ ਅਤੇ ਨਾਟਕਕਾਰ ਨੰਦਾ ।

# ਮਸੀਹਾ ਸੂਲੀ ਤੇ ਮੁਸਕ੍ਰਾਇਆ

ਭਗਤ ਸਿੰਘ ਵਰਗੇ ਉੱਚਤਮ ਦੇਸ਼ ਭਗਤ ਤੇ ਬੁੱਧੀਜੀਵੀ ਦੀ ਛੋਟੀ ਉਮਰ ਵਿਚ ਸ਼ਹਾਦਤ ਵੀਹਵੀਂ ਸਦੀ ਦੇ ਭਾਰਤ ਦਾ ਇਕ ਘੋਰ ਕੌਮੀ ਦੁਖਾਂਤ ਹੈ ।

—ਡਾ: ਬਿਪਨ ਚੰਦਰ

*ਹਰਚਰਨ ਸਿੰਘ*

ਲਾਹੌਰ ਬੁੱਕ ਸ਼ਾਪ
1, ਲਾਜਪਤ ਰਾਏ ਮਾਰਕੀਟ,
ਲੁਧਿਆਣਾ

Masiha Suli Te Muskraya, A Play in Punjabi

© ਸਭ ਹੱਕ ਕਰਤਾ ਦੇ ਰਾਖਵੇਂ ਹਨ

ਪਹਿਲੀ ਵਾਰ : ਮਈ 1980

ਪ੍ਰਕਾਸ਼ਕ : ਜੀਵਨ ਸਿੰਘ, ਲਾਹੌਰ ਬੁਕ ਸ਼ਾਪ, ਲੁਧਿਆਣਾ।

ਪ੍ਰਿੰਟਰ : ਤਕਸਿਲਾ ਆਰਟ ਪ੍ਰਿੰਟਿੰਗ ਪ੍ਰੈਸ, 3/15-ਏ ਚੰਡੀਗੜ੍ਹ।

ਸ੍ਰੀ ਐਚ. ਐਸ. ਭੱਟੀ

ਨੂੰ

ਜੋ ਸੁਰਗਵਾਸੀ ਬਲਰਾਜ ਸਾਹਨੀ

ਦੇ

ਸੁਪਨਿਆਂ ਨੂੰ ਅਮਲੀ ਰੂਪ

ਦੇਣ ਲਈ ਸਰਗਰਮ

ਹਨ।

# ਮੁੱਢਲੇ ਸ਼ਬਦ

ਪੰਜਾਬ ਸ਼ਹੀਦਾਂ ਤੇ ਸੂਰਬੀਰਾਂ ਦੀ ਧਰਤੀ ਹੈ। ਇਥੇ ਕੁਰਬਾਨੀ ਤੇ ਬਹਾਦਰੀ ਦੀ ਗਾਥਾ ਪ੍ਰਾਚੀਨ ਕਾਲ ਤੋਂ ਆਧੁਨਿਕ ਸਮੇਂ ਤਕ ਨਿਰੰਤਰ ਤੁਰੀ ਆਈ ਹੈ। ਲਵ ਕੁਸ਼, ਵੀਰ ਅਭਿਮਨਯੂ, ਗੁਰੂ ਅਰਜਨ, ਗੁਰੂ ਤੇਗ ਬਹਾਦਰ, ਛੋਟੇ ਸਾਹਿਬਜ਼ਾਦੇ, ਮਦਨ ਲਾਲ ਢੀਂਗਰਾ, ਸ਼ਹੀਦ ਊਧਮ ਸਿੰਘ, ਕਰਤਾਰ ਸਿੰਘ ਸਰਾਭਾ ਆਦਿ ਕੁਝ ਉੱਘੇ ਨਾਂ ਹਨ। ਪਰ ਰਾਜਸੀ ਸ਼ਹੀਦਾਂ ਦੀ ਲੜੀ ਵਿਚ ਭਗਤ ਸਿੰਘ ਦਾ ਆਤਮ ਬਲੀਦਾਨ ਸਭ ਨੂੰ ਪਿੱਛੇ ਛੱਡ ਗਿਆ ਹੈ। ਉਹ ਕੇਵਲ 23 ਵਰ੍ਹੇ, 5 ਮਹੀਨੇ ਤੇ 27 ਦਿਨਾਂ ਦਾ ਸੀ ਜਦੋਂ ਉਸ ਨੇ ਦੇਸ਼ ਦੀ ਸੁਤੰਤਰਤਾ ਖਾਤਰ ਹਸਦਿਆਂ ਹਸਦਿਆਂ ਫਾਂਸੀ ਦੇ ਫੰਦੇ ਨੂੰ ਚੁੰਮਿਆ।

ਭਗਤ ਸਿੰਘ ਸਮੇਂ ਦੀ ਲੋਕ ਭਾਵਨਾ ਦਾ ਚਿੰਨ੍ਹ ਸੀ। ਉਹ ਅਦੁਤੀ ਦੇਸ਼ ਭਗਤ ਤੇ ਸੱਚਾ ਸੁੱਚਾ ਇਨਕਲਾਬੀ ਸੀ। ਛੋਟੀ ਉਮਰ ਵਿਚ ਹੀ ਉਸ ਨੇ ਦੇਸ਼ ਵਾਸੀਆਂ ਨੂੰ ਗੁਲਾਮੀ ਦੀ ਦਸ਼ਾ ਤੋਂ ਝੰਜੋੜਿਆ, ਸ਼ਕਤੀ-ਸ਼ਾਲੀ ਸਾਮਰਾਜੀ ਹਕੂਮਤ ਨੂੰ ਵੰਗਾਰਿਆ ਅਤੇ ਨੌਜਵਾਨਾਂ ਵਿਚ ਨਵਾਂ ਸਾਹਸ ਪੈਦਾ ਕੀਤਾ।

ਅਲਪ ਆਯੂ ਵਿਚ ਹੀ ਉਸ ਨੇ ਡੂੰਘਾ ਅਧਿਅਨ ਕੀਤਾ ਸੀ। ਉਸ ਨੇ ਵਾਲਟੇਅਰ, ਰੂਸੋ, ਮਾਰਕਸ, ਲੈਨਿਨ ਆਦਿ ਦੇ ਵਿਚਾਰਾਂ ਦਾ ਡੂੰਘਾ ਅਧਿਐਨ ਕੀਤਾ ਉਹ ਬਹੁਤ ਤੀਖਣ ਬੁੱਧੀ ਵਾਲਾ ਨੌਜਵਾਨ ਸੀ। ਅਦਾਲਤ ਵਿਚ ਦਿੱਤੇ ਬਿਆਨ ਅਤੇ ਬਹਿਸ ਰਾਹੀਂ ਉਸ ਨੇ ਸਭ ਨੂੰ ਦੰਗ ਕੀਤਾ। ਵੀਰਤਾ ਦੀ ਪਰਖ ਹੀ ਇਹੋ ਹੈ ਕਿ ਦੁਸ਼ਮਨ ਵੀ ਪ੍ਰਸ਼ੰਸਾ ਕਰੇ। ਭਗਤ ਸਿੰਘ ਦੀ ਕੁਰਬਾਨੀ, ਨਿਰਭੈਤਾ ਤੇ ਲਿਆਕਤ ਦੀ ਪ੍ਰਸ਼ੰਸਾ ਜੱਜਾਂ ਨੇ ਵੀ ਕੀਤੀ। ਡਾ: ਬਿਪਨ ਚੰਦਰ ਅਨੁਸਾਰ ਉਹ ਪਹਿਲਾ ਸੁਚੇਤ ਸਿਧਾਂਤਕਾਰ ਤੇ ਸਮਾਜਵਾਦੀ ਸੀ।

ਮੈਂ ਉਦੋਂ ਦੁਆਬਾ ਖਾਲਸਾ ਹਾਈ ਸਕੂਲ, ਜਲੰਧਰ ਵਿਚ ਨੌਵੀਂ ਜਮਾਤ ਵਿਚ ਪੜ੍ਹਦਾ ਸੀ ਜਦੋਂ ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਨੂੰ ਫਾਂਸੀ ਦਿੱਤੀ ਗਈ। ਦੇਸ਼ ਭਰ ਵਿਚ ਜ਼ਬਰਦਸਤ ਪ੍ਰਤੀਕਰਮ ਹੋਇਆ। ਥਾਂ ਪਰ ਥਾਂ ਰੋਸ ਤੇ ਰੋਹ ਭਰੇ ਜਲੂਸ ਨਿਕਲੇ, ਜਲਸੇ ਹੋਏ। ਐਡੀਟਰਾਂ ਨੇ ਨਿਧੜਕਤਾ ਨਾਲ ਅੰਗਰੇਜ਼ੀ ਸਰਕਾਰ ਦੀ ਨਿਖੇਧੀ ਕੀਤੀ।

ਭਗਤ ਸਿੰਘ ਦੀ ਸ਼ਹੀਦੀ ਬਾਰੇ ਪੰਜਾਬੀ ਵਿਚ ਇਕ ਦੋ ਕਿੱਸੇ ਬਹੁਤ ਹੀ ਪ੍ਰਸਿੱਧ ਹੋਏ ਜੋ ਪਿੰਡ ਪਿੰਡ ਵਿਚ ਗਾਏ ਤੇ ਸੁਣਾਏ ਜਾਂਦੇ ਸਨ। ਸ਼ਾਇਦ ਹੀ ਕੋਈ ਸੋਝੀ ਵਾਲਾ ਭਾਰਤੀ ਉਸ ਸ਼ੋਕਮਈ ਸਾਕੇ ਤੋਂ ਪ੍ਰਭਾਵਿਤ ਹੋਣੋਂ ਬਚਿਆ ਹੋਵੇ। ਮੇਰੇ ਮਨ ਉੱਤੇ ਵੀ ਉਸ ਕੌਮੀ ਦੁਖਾਂਤ ਦੀ ਅਮਿਟ ਛਾਪ ਲੱਗੀ। ਖਟਕੜ ਕਲਾਂ ਸਾਡੇ ਪਿੰਡੋਂ ਸਤ ਕੁ ਮੀਲ ਦੀ ਵਿੱਥ ਤੇ ਹੈ। 1938 ਵਿਚ ਜਦੋਂ ਮੈਂ ਰਾਜਾ ਪੋਰਸ ਨਾਟਕ ਲਿਖਿਆ, ਉਸ ਸਮੇਂ ਵੀ ਭਗਤ ਸਿੰਘ ਦੀ ਅਦੁਤੀ ਕੁਰਬਾਨੀ ਨੇ ਮੇਰੇ ਮਨ ਨੂੰ ਡੂੰਘੀ ਤਰ੍ਹਾਂ ਟੁੰਬਿਆ ਸੀ।

ਮਹਾਨ ਸ਼ਹੀਦ ਭਗਤ ਸਿੰਘ ਦੀ ਲਾਸਾਨੀ ਕੁਰਬਾਨੀ ਤੇ ਸ਼ਖਸੀਅਤ ਤੇ ਆਧਾਰਤ ਨਾਟਕ ਲਿਖਣ ਦਾ ਸੁਝਾ ਤੇ ਪ੍ਰੇਰਨਾ ਮੈਨੂੰ ਆਪਣੇ ਪਰਮ ਸਨੇਹੀ ਸ੍ਰੀ ਐਚ. ਐਸ. ਭੱਟੀ ਤੋਂ ਪ੍ਰਾਪਤ ਹੋਈ ਸੀ। ਕੁਝ ਮਹੀਨੇ ਹੋਏ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਵਿਚ ਸਮਾਜਕ ਵਿਗਿਆਨ ਵਿਭਾਗ ਦੇ ਡੀਨ ਡਾ: ਬਿਪਨ ਚੰਦਰ ਨੇ ਭਗਤ ਸਿੰਘ ਦੀ ਸ਼ਹਾਦਤ ਅਤੇ ਸ਼ਖਸੀਅਤ ਬਾਰੇ ਇਕ ਖੋਜ ਤੇ ਵਿਦਵਤਾ ਭਰਪੂਰ ਭਾਸ਼ਣ ਦਿੱਤਾ ਸੀ, ਜਿਸ ਵਿਚ ਉਨ੍ਹਾਂ ਠੋਸ ਦਲੀਲਾਂ ਤੇ ਉਦਾਹਰਣਾਂ ਨਾਲ ਇਹ ਸਿਧ ਕੀਤਾ ਸੀ ਕਿ ਭਗਤ ਸਿੰਘ ਵੀਹਵੀਂ ਸਦੀ ਦੇ ਭਾਰਤ ਦੇ ਮਹਾਨ ਰਾਜਸੀ ਚਿੰਤਕਾਂ ਅਤੇ ਬੁੱਧੀਜੀਵੀਆਂ ਵਿਚੋਂ ਸਿਰਕੱਢ ਸੀ। ਸਰੋਤਿਆਂ ਵਿਚ ਭੱਟੀ ਸਾਹਿਬ ਤੇ ਮੈਂ ਨਾਲੋਂ ਨਾਲ ਬੈਠੇ ਸਾਂ। ਭੱਟੀ ਹੋਰਾਂ ਦਾ ਸੁਝਾ ਮੈਂ ਹਾਲ ਵਿਚ ਬੈਠਿਆਂ ਹੀ ਸਵੀਕਾਰ ਕਰ ਲਿਆ ਸੀ।

ਇਸ ਨਾਟਕ ਨੂੰ ਅੰਤਮ ਰੂਪ ਦੇਣ ਵਿਚ ਸ਼ਾਇਦ ਢਿੱਲ ਮਠ ਹੋ ਜਾਂਦੀ ਜੇ ਕਰ ਪੰਜਾਬੀ ਕਲਾ ਕੇਂਦਰ, ਚੰਡੀਗੜ੍ਹ ਵਲੋਂ ਭਗਤ ਸਿੰਘ ਦੇ ਪੰਜਾਹਵੇਂ ਸ਼ਹੀਦੀ ਸਾਲ ਦੇ ਆਰੰਭਕ ਸਮਾਗਮ ਦੇ ਮੌਕੇ ਉਤੇ ਇਸ ਨਾਟਕ ਨੂੰ ਖਟਕੜ ਕਲਾਂ ਵਿਚ ਪੇਸ਼ ਕਰਨ ਦਾ ਐਲਾਨ ਨਾ ਕੀਤਾ ਜਾਂਦਾ।

'ਮਸੀਹਾ ਸੂਲੀ ਤੇ ਮੁਸਕ੍ਰਾਇਆ' ਅਸਲ ਵਿਚ ਭਗਤ ਸਿੰਘ ਦੇ ਕੁਰਬਾਨੀ ਤੇ ਘਟਨਾ ਭਰਪੂਰ ਜੀਵਨ ਦੇ ਅੰਤਲੇ ਅੱਧੇ ਕੁ ਘੰਟੇ ਦੀ ਇਕ ਝਲਕ ਹੈ। 6-30 ਵਜੇ ਸ਼ਾਮ ਦੇ ਕਰੀਬ ਤਿੰਨੇ ਨੌਜਵਾਨ ਸ਼ਹੀਦਾਂ ਨੂੰ 14 ਨੰਬਰ ਕੋਠੜੀਆਂ ਵਿਚੋਂ ਲਿਜਾਣ ਲਈ ਤਿਆਰ ਕੀਤਾ ਗਿਆ। ਗੜ ਬੜ ਦੇ ਡਰੋਂ ਇਸ਼ਨਾਨ ਕੋਠੜੀਆਂ ਅੰਦਰ ਹੀ ਕਰਵਾਏ ਗਏ ਸਨ। 7 ਵਜ ਕੇ 22 ਸਕਿੰਟ ਤੇ ਫਾਂਸੀ ਦਿੱਤੀ ਗਈ ਸੀ। ਨਾਟਕ ਦੀ ਅੰਤਿਮ ਝਾਕੀ ਸਸਕਾਰ ਦੀ ਹੈ ਜੋ ਸ਼ਹਾਦਤ ਤੋਂ ਸਾਢੇ ਨੌ ਘੰਟੇ ਬਾਅਦ ਵਾਪਰਦੀ ਹੈ। ਵਾਸਤਵ ਵਿਚ ਘਟਨਾਵਾਂ ਭਾਵੇਂ ਤਿੰਨ ਸਾਲਾਂ (1928 ਤੋਂ 1931) ਅੰਦਰ ਵਾਪਰੀਆਂ, ਪਰ ਇਨ੍ਹਾਂ ਨੂੰ ਨਾਟਕੀ ਰੂਪ ਵਿਚ ਸਮੇਟਣ ਲਈ ਸਮੇਂ ਤੇ ਸਥਾਨ ਦੀ ਏਕਤਾ ਦਾ ਭੇਲਾ ਦਿੱਤਾ ਗਿਆ ਹੈ। ਇਸੇ ਕਾਰਨ ਪਰਤਵੇਂ ਪ੍ਰਕਾਸ਼ ਦੀ ਵਿਧੀ ਅਪਨਾਣ ਦੀ ਲੋੜ ਮਹਿਸੂਸ ਕੀਤੀ ਹੈ। ਟੋਟੇ ਟੋਟੇ ਕੀਤੀਆਂ ਲਾਸ਼ਾਂ ਦਾ ਗੁਪਤ ਸਸਕਾਰ ਸਵੇਰੇ 4-30 ਵਜੇ ਦੇ ਕਰੀਬ ਫਿਰੋਜ਼ਪੁਰ ਲਾਗੇ ਕੀਤਾ ਗਿਆ

ਸੀ। ਭਗਤ ਸਿੰਘ ਦੀ ਭੈਣ ਅਮਰ ਕੌਰ ਤੇ ਜੈ ਗੁਪਾਲ ਗੁਪਤਾ ਦਿਨ ਚੜ੍ਹਦੇ ਨੂੰ ਲਾਹੌਰ ਤੋਂ ਉਥੇ ਪਹੁੰਚ ਗਏ ਸਨ।

ਇਸ ਸ਼ਹੀਦੀ ਦਾ ਚਰਚਾ ਸੰਸਾਰ ਭਰ ਵਿਚ ਹੋਇਆ ਸੀ। ਮੈਂ ਇਥੇ ਕੇਵਲ ਇਕ ਟੂਕ ਹੀ ਦਿੰਦਾ ਹਾਂ ਜੋ ਨਿਊਯਾਰਕ ਦੇ ਅਖ਼ਬਾਰ ਡੇਲੀ ਵਰਕਰ ਵਿਚੋਂ ਹੈ :

ਲਾਹੌਰ ਦੇ ਤਿੰਨ ਕੈਦੀ : ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੋ ਕਿ ਭਾਰਤ ਦੀ ਸੁਤੰਤਰਤਾ ਲਈ ਲੜ ਰਹੇ ਸਨ, ਅੰਗਰੇਜ਼ੀ ਸਾਮਰਾਜਵਾਦ ਦੇ ਹਿੱਤਾਂ ਲਈ ਅੰਗਰੇਜ਼ ਲੇਬਰ ਸਰਕਾਰ ਦੁਆਰਾ ਖ਼ਤਮ ਕਰ ਦਿੱਤੇ ਗਏ ਹਨ। ਮੈਕਡੋਨਲਡ ਦੀ ਰਹਿਨੁਮਾਈ ਵਿਚ ਅੰਗਰੇਜ਼ੀ ਲੇਬਰ ਸਰਕਾਰ ਦੁਆਰਾ, ਕੀਤੀ ਗਈ ਇਹ ਸਭ ਤੋਂ ਖ਼ੂਨੀ ਕਾਰਵਾਈ ਹੈ। ਤਿੰਨ ਭਾਰਤੀ ਇਨਕਲਾਬੀਆਂ ਦੀ ਮੌਤ, ਸੋਚੀ ਸਮਝੀ ਰਾਜਸੀ ਯੋਜਨਾ ਅਨੁਸਾਰ ਲੇਬਰ ਸਰਕਾਰ ਦੀ ਆਗਿਆ ਤੇ ਦਰਸਾਉਂਦੀ ਹੈ ਕਿ ਅੰਗਰੇਜ਼ ਸਾਮਰਾਜਵਾਦ ਨੂੰ ਬਚਾਉਣ ਲਈ ਮੈਕਡੋਨਲਡ ਸਰਕਾਰ ਕਿਤਨੀ ਦੂਰ ਤਕ ਜਾ ਸਕਦੀ ਹੈ :

(ਡੇਲੀ ਵਰਕਰ, ਨਿਊਯਾਰਕ।)

ਸਮਕਾਲੀ ਇਤਿਹਾਸਕ ਵਾਤਾਵਰਣ ਨੂੰ ਕਾਇਮ ਕਰਨ ਲਈ ਮੈਂ ਕੁਝ ਪ੍ਰਸਿਧ ਗੀਤ ਜੋ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਜੇਲਾਂ, ਅਦਾਲਤਾਂ ਜਾਂ ਫਾਂਸੀ ਲੱਗਣ ਸਮੇਂ ਗਾਏ ਸਨ, ਜਿਉਂ ਦੇ ਤਿਉਂ ਰਖਣੇ ਜ਼ਰੂਰੀ ਸਮਝੇ ਹਨ।

ਅੰਤ ਵਿਚ ਮੈਂ ਇਸ ਨਾਟਕ ਦੇ ਨਿਰਮਾਤਾ ਸ੍ਰੀ, ਐਚ. ਐਸ. ਭੱਟੀ, ਨੌਜਵਾਨ ਨਿਰਦੇਸ਼ਕ ਵਰਿਆਮ ਮਸਤ, ਸਹਿਯੋਗੀ ਹਰਜੀਤ ਕੈਂਥ, ਸ੍ਰੀ ਜੋਗਾ ਸਿੰਘ ਤੇ ਸਭ ਅਦਾਕਾਰਾਂ ਤੇ ਕਲਾਕਾਰਾਂ ਦਾ ਧੰਨਵਾਦੀ ਹਾਂ ਜਿਨ੍ਹਾ ਨੇ ''ਮਸੀਹਾ ਸੂਲੀ ਤੇ ਮੁਸਕ੍ਰਾਇਆ'' ਨਾਟਕ 23 ਮਾਰਚ ਨੂੰ ਪਹਿਲੀ ਦਫ਼ਾ ਖਟਕੜ ਕਲਾਂ ਦੇ ਖੁਲ੍ਹੇ ਮੰਚ ਉਤੇ ਖੇਡਿਆ ਅਤੇ ਪੂਰਾ ਸਾਲ ਇਸ ਨੂੰ ਵਖੋ ਵਖ ਥਾਵਾਂ ਤੇ ਖੇਡਣ ਦਾ ਪ੍ਰੋਗਰਾਮ ਉਲੀਕਿਆ।

ਦੁਆਬਾ ਕਲਾ ਮੰਚ ਦੇ ਨਿਰਦੇਸ਼ਕ ਜਸਵੰਤ ਖਟਕੜ ਅਤੇ ਮੈਂਬਰਾਂ ਦਾ ਧੰਨਵਾਦ ਕਰਨਾ ਮੈਂ ਜ਼ਰੂਰੀ ਸਮਝਦਾ ਹਾਂ, ਜਿਨ੍ਹਾਂ ਨੇ ਪ੍ਰਥਮ ਪੇਸ਼ਕਾਰੀ ਨੂੰ ਸਫਲ ਬਣਾਉਣ ਲਈ ਪੂਰਾ-ਪੂਰਾ ਸਹਿਯੋਗ ਦਿੱਤਾ। ਪੰਜਾਬੀ ਦੇ ਪ੍ਰਸਿੱਧ ਕਲਾਕਾਰ ਸ੍ਰੀ ਅਜਾਇਬ ਚਿਤ੍ਰਕਾਰ ਦਾ ਵੀ ਮੈਂ ਰਿਣੀ ਹਾਂ ਜਿਨ੍ਹਾਂ ਨੇ ਇਸ ਨਾਟਕ ਦੇ ਟਾਈਟਲ ਦਾ ਸੁੰਦਰ ਚਿਤ੍ਰ ਬਣਾਇਆ।

—ਹਰਚਰਨ ਸਿੰਘ

1048/15-ਬੀ,

ਚੰਡੀਗੜ੍ਹ 160016

# ਮਸੀਹਾ ਸੂਲੀ ਤੇ ਮੁਸਕ੍ਰਾਇਆ

## ਆਰੰਭਕ ਝਾਕੀ

ਸੈਂਟਰਲ ਜੇਲ੍ਹ, ਲਾਹੌਰ।

14 ਨੰਬਰ ਕੋਠੀ ਵਿਚ ਹਥ-ਕੜੀਆਂ ਅਤੇ ਬੇੜੀਆਂ ਨਾਲ ਜਕੜਿਆ ਹੋਇਆ ਭਗਤ ਸਿੰਘ ਸਾਥੀ ਲੈਨਿਨ ਦੀ ਜੀਵਨੀ ਪੜ੍ਹਨ ਵਿਚ ਮਗਨ ਹੈ। ਇਕ ਜੇਲ੍ਹ ਅਧਿਕਾਰੀ ਜ਼ਾਹਰਾ ਤੌਰ ਤੇ ਗ਼ਮਗੀਨ ਜੰਦਰਾ ਖੋਲ੍ਹ ਕੇ ਕੋਲ ਖੜਾ ਹੋ ਜਾਂਦਾ ਹੈ।

ਛੋਟਾ ਜੇਲ੍ਹਰ : ਸਰਦਾਰ ਭਗਤ ਸਿੰਘ, ਫਾਂਸੀ ਦਾ ਵਕਤ ਹੋ ਰਿਹਾ, ਤਿਆਰ ਹੋ ਜਾਓ।

ਭਗਤ ਸਿੰਘ : (ਬੇਧਿਆਨੇ) ਠਹਿਰ ਜਾਹ। ਇਕ ਇਨਕਲਾਬੀ ਦੁਨੀਆਂ ਦੇ ਮਹਾਨ ਇਨਕਲਾਬੀ ਨੂੰ ਮਿਲ ਰਿਹੈ।

ਜੇਲ੍ਹਰ : ਸਖ਼ਤ ਹੁਕਮ ਹੈ।

ਭਗਤ ਸਿੰਘ : ਕੀ ਕਿਹਾ ? (ਬਿਨਾਂ ਉਸ ਵਲ ਦੇਖੇ ਮੁਠ ਮੀਚੀ ਬਾਂਹ ਉਚੀ ਕਰ ਦਿੰਦਾ ਹੈ।)

ਜੇਲ੍ਹਰ : (ਹਮਦਰਦੀ ਨਾਲ) ਸਰਦਾਰ ਭਗਤ ਸਿੰਘ, ਮੈਂ ਕਿਹਾ, ਫਾਂਸੀ ਦਾ ਵਕਤ---

ਭਗਤ : (ਪਹਿਲੀ ਦਫ਼ਾ ਉਸ ਨੂੰ ਦੇਖ ਕੇ) ਕੀ ਗੱਲ ਐ ?

ਜੇਲ੍ਹਰ : ਫਾਂਸੀ ਦਾ ਵਕਤ ਆਣ ਪੁੱਜਾ ਹੈ।

ਭਗਤ : ਫੇਰ ਤੁਸੀਂ ਕਿਉਂ ਗ਼ਮਗੀਨ ਓ ? ਇਹ ਤਾਂ ਸਗੋਂ ਖ਼ੁਸ਼ੀ ਦਾ ਮੌਕਾ ਏ ਜਿਸ ਦੀ ਸਾਨੂੰ ਚਿਰਾਂ ਤੋਂ ਉਡੀਕ ਸੀ । ਰਾਜਗੁਰੂ ਤੇ ਸੁਖਦੇਵ ਕਿੱਥੇ ਨੇ ?

ਜੇਲ੍ਹਰ : ਔਹ ਆ ਰਹੇ ਨੇ ।

ਭਗਤ ਸਿੰਘ ਦੋਹਾਂ ਨੂੰ ਵਾਰੋ ਵਾਰੀ ਜੱਫੀ ਪਾ ਕੇ ਮਿਲਦਾ ਹੈ । ਸੱਜੇ ਹੱਥ ਰਾਜਗੁਰੂ ਅਤੇ ਖੱਬੇ ਪਾਸੇ ਸੁਖਦੇਵ ਨੂੰ ਖੜਾ ਕਰਦਾ ਹੈ ।

ਭਗਤ : ਸਾਥੀਓ, ਚੜ੍ਹਦੀ ਕਲਾ ਵਿਚ ਤਾਂ ਹੋ ?

ਦੋਵੇਂ ਇਕੱਠੇ : ਪੂਰੀ ਤਰ੍ਹਾਂ ਖ਼ੁਮਾਰੀ ਵਿਚ ।

ਭਗਤ : ਫੇਰ ਸ਼ੇਰਾਂ ਵਾਂਗ ਗੱਜੋ । ਇਨਕਲਾਬ !

ਦੋਵੇਂ : ਜ਼ਿੰਦਾਬਾਦ !

ਭਗਤ : ਸਾਮਰਾਜ !

ਦੋਵੇਂ : ਮੁਰਦਾਬਾਦ !

ਸਾਰੀ ਜੇਲ੍ਹ ਦੇ ਵਖੋ ਵਖ ਪਾਸਿਆਂ ਤੋਂ "ਇਨਕਲਾਬ ਜ਼ਿੰਦਾਬਾਦ, ਭਾਰਤ ਦੀ ਅਜ਼ਾਦੀ ਦੇ ਮਸੀਹੇ ਜ਼ਿੰਦਾਬਾਦ" ਦੇ ਨਾਅਰੇ ਗੂੰਜਦੇ ਹਨ । ਪਲ ਕੁ ਪਿਛੋਂ ਮੁਖ ਜੇਲ੍ਹਰ ਅਕਬਰ ਖਾਨ ਨੱਸਾ ਆਉਂਦਾ ਹੈ ।

ਅਕਬਰ : ਭਗਤ ਸਿੰਘ, ਖ਼ੁਦਾ ਦਾ ਵਾਸਤਾ, ਚੁਪ ਹੋ ਜਾਓ । ਗੜਬੜ ਦਾ ਖ਼ਤਰਾ ਹੈ ।

ਭਗਤ : ਖਾਨ ਸਾਹਿਬ, ਡਰੋ ਮਤ, ਇਹ ਤਾਂ ਹਮਵਤਨਾਂ ਵਲੋਂ ਵਿਦਾਇਗੀ ਦੇ ਨਾਅਰੇ ਨੇ ।

ਅਕਬਰ : ਕੈਦੀਆਂ ਨੂੰ ਫਾਂਸੀ ਦੇ ਵਕਤ ਦਾ ਕਿੱਦਾਂ ਪਤਾ ਲੱਗਾ ? ਸਖ਼ਤ ਪੋਸ਼ੀਦਾ ਰਾਜ਼ ਸੀ ।

ਭਗਤ : ਖਾਨ ਸਾਹਿਬ, ਇਹ ਖ਼ਬਰ ਘੜੀ 'ਚ ਅੱਗ ਵਾਂਗ ਸਾਰੇ ਭਾਰਤ ਅੰਦਰ ਫੈਲ ਜਾਵੇਗੀ, ਕਿੱਦਾਂ ਰੋਕੋਗੇ ?



ਅਕਬਰ : (ਹੱਥ ਜੋੜਦਾ ਹੋਇਆ) ਮੈਂ ਮਿੰਨਤ ਕਰਦਾ ਹਾਂ, ਚੁਪ ਹੋ ਜਾਓ, ਮੇਰੀ ਆਖ਼ਰੀ ਅਰਜ਼ ਮੰਨੋ ।

ਭਗਤ : ਠੀਕ ਹੈ, ਤੁਸੀਂ ਸਾਡੇ ਨਾਲ ਬਹੁਤ ਅੱਛਾ ਸਲੂਕ ਕੀਤਾ ਹੈ । ਅਸੀਂ ਤੁਹਾਡਾ ਆਦਰ ਮਾਣ ਕਰਦੇ ਆਂ ।

ਅਕਬਰ : ਸ਼ੁਕਰੀਆ !

ਭਗਤ : ਪਰ ਇਕ ਆਖ਼ਰੀ ਬੇਨਤੀ ਸਾਡੀ ਵੀ ਮੰਨੋ ।

ਅਕਬਰ : ਹੁਕਮ ਕਰੋ, ਬੰਦਾ ਹਾਜ਼ਰ ਹੈ ।

ਭਗਤ : (ਮੁਸਕਰਾਂਦਾ ਹੋਇਆ) ਅਸੀਂ ਬਿਨ੍ਹਾਂ ਕਾਲੇ ਕਪੜੇ ਪਾਏ, ਖੁਲ੍ਹੇ ਮੂੰਹ ਫਾਹੇ ਲਗਣਾ ਚਾਹੁੰਦੇ ਆਂ ।

ਅਕਬਰ : ਅਜ਼ੀਜ਼ ਭਗਤ ਸਿੰਘ, ਇਹ ਮੇਰੇ ਬਸ ਤੋਂ ਬਾਹਰੀ ਗਲ ਹੈ । ਮੇਰੇ ਬੀਵੀ ਬਚਿਆਂ ਦਾ ਖਿਆਲ ਕਰੋ, ਯਕੀਨਨ ਨੌਕਰੀ ਜਾਂਦੀ ਰਹੇਗੀ । ਅੱਗੇ ਹੀ ਸਰਕਾਰ ਮੇਰੇ ਨਾਲ ਖਫ਼ਾ-ਖ਼ੂਨ ਹੈ ।

ਭਗਤ : ਚਲੋ ਤੁਹਾਡੀ ਗੱਲ ਮੰਨੀ, ਅਸੀਂ ਕਾਲ੍ਹੇ ਕਪੜੇ ਪਾ ਲੈਂਦੇ ਹਾਂ ਪਰ ਕਨਟੋਪ ਹਰਗਿਜ਼ ਨਹੀਂ ਪਾਵਾਂਗੇ ।

ਅਕਬਰ : ਕਿਉਂ ਨਹੀਂ ਪਾਉਗੇ ?

ਭਗਤ : (ਮੁਸਕਰਾਂਦਾ ਹੋਇਆ) ਅਸੀਂ ਭਾਰਤ ਮਾਂ ਤੋਂ ਬੇਮੁਖ ਹੋ ਕੇ ਜਾਣਾ ਨਹੀਂ ਚਾਹੁੰਦੇ ।

ਅਕਬਰ : (ਪ੍ਰਭਾਵਿਤ ਹੋ ਕੇ) ਭਗਤ ਸਿੰਘ, ਤੇਰੀ ਰਾਤੀਂ ਤੂੰ ਹੀ ਜੰਮਿਆਂ । ਜੋ ਹੋਵੇਗੀ, ਮੈਂ ਭੁਗਤਾਂਗਾ । ਤੁਸੀਂ ਕਾਲੇ ਕਪੜੇ ਪਹਿਨ ਲਵੋ !

ਕਾਲੇ ਕਪੜੇ ਪਹਿਨਦੇ ਹੋਏ ਤਿੰਨੇ ਰਲ ਕੇ ਗਾਣਾ ਗਾਂਦੇ ਹਨ :

ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ,
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ ।
ਐ ਸ਼ਹੀਦੇ ਮੁਲਕੋ ਮਿੱਲਤ, ਮੈਂ ਤੇਰੇ ਊਪਰ ਨਿਸਾਰ,
ਅਬ ਤੇਰੀ ਹਿੰਮਤ ਕਾ ਚਰਚਾ, ਗੈਰ ਕੀ ਮਹਿਫਲ ਮੇਂ ਹੈ ।
ਸਰ ਫਰੋਸ਼ੀ ਕੀ ਤਮੰਨਾ..........................

ਅਕਬਰ : ਸਰਦਾਰ ਭਗਤ ਸਿੰਘ, ਹੁਣ ਚੱਲੋ ਵੀ, ਵਕਤ ਬਹੁਤ ਹੋ ਗਿਆ ਹੈ ।

ਭਗਤ : ਖਾਨ ਸਾਹਿਬ, ਇਕ ਮਿੰਟ ਪਿੱਛੇ ਵਲ ਕੱਠਤੀ ਤੇ ਝਾਤ ਮਾਰ ਲੈਣ ਦਿਓ । ਇਥੇ ਅਸੀਂ ਮੌਤ ਲਾੜੀ ਦੀ ਉਡੀਕ 'ਚ ਮਜ਼ੇ ਦੇ ਦਿਨ ਗੁਜ਼ਾਰੇ ਨੇ ! ਸਾਥੀਓ, ਇਹ ਕੌਮੀ ਨਾਟਕ ਜੋ 17 ਦਸੰਬਰ 1928 ਨੂੰ ਲਾਲਾ ਲਾਜਪਤ ਰਾਏ ਦੀ ਸ਼ਹੀਦੀ ਨਾਲ ਸ਼ੁਰੂ ਹੋਇਆ ਸੀ, ਅਜ ਉਸ ਦਾ ਅੰਤਮ ਸੀਨ ਪੇਸ਼ ਹੁੰਦਾ ਹੈ । ਸਾਵਧਾਨ ਰਹਿਣਾ । ਦੇਖੋ ਵਕਤ ਕਿਨਾ ਬਲਵਾਨ ਹੈ, ਇਉਂ ਲਗਦੈ, ਜਿਵੇਂ ਅਸੀਂ ਕਲ੍ਹ ਹੀ ਸਾਂਡਰਸ ਨੂੰ ਲਾਹੌਰ ਵਿਚ ਗੋਲੀ ਨਾਲ ਉਡਾਇਆ ਸੀ ।

ਸੁਖਦੇਵ : ਮੈਂ ਹਵਾਲਦਾਰ ਚੰਨਨ ਸਿੰਘ ਨੂੰ ਪਾਰ ਬੁਲਾਇਆ ਸੀ ।

ਰਾਜ ਗੁਰੂ : ਉਸ ਪਿਛੋਂ ਸਾਰੇ ਸਾਥੀ ਕਲਕੱਤਾ ਮੇਲ ਵਿਚ ਸਵਾਰ ਹੋਏ ਸਾਂ ।

ਭਗਤ : ਮੈਂ ਕਾਲਾ ਸਾਹਿਬ ਬਣਿਆ ਸੀ ।

ਰਾਜ ਗੁਰੂ : ਮੈਂ ਨੌਕਰ ।

ਸੁਖਦੇਵ : ਤੇ ਮੈਂ ਸਾਧੂ ਦਾ ਭੇਸ ਧਾਰਿਆ ਸੀ ।

ਤਿੰਨੇ ਉੱਚੀ ਉੱਚੀ ਹਸਦੇ ਹਨ ।
ਬੱਤੀਆਂ ਇਕ ਦਮ ਬੁਝ ਜਾਂਦੀਆਂ ਹਨ ।

... ... ... ...

... ... ... ...

... ... ... ...



# ਪਰਤਵਾਂ ਪ੍ਰਕਾਸ਼ (ਫਲੈਸ਼ਬੈਕ)

## ਪਹਿਲੀ ਝਾਕੀ

(ਲਾਹੌਰ 17 ਦਸੰਬਰ 1928 ਦੀ ਸ਼ਾਮ)

ਮੰਚ ਦੇ ਪਿਛੋਕੜ ਤੋਂ ਇਕ ਦਮ ਤਿੰਨ ਚਾਰ ਦਫਾ ਪਿਸਤੌਲ ਦੇ ਚਲਣ ਦੀ ਆਵਾਜ਼ । ਮਰਨ ਵਾਲੇ ਦੇ ਮੂੰਹੋਂ ਅੰਗ੍ਰੇਜ਼ੀ ਲਹਿਜੇ ਵਿਚ ਕੁਝ ਇਸ ਤਰ੍ਹਾਂ ਦੇ ਸ਼ਬਦ "ਓ ਗਾਡ, ਸੇਵ ਮੀ" ਨਿਕਲਦੇ ਹਨ । ਫੇਰ ਕਿਸੇ ਦੇ ਉੱਚੀ ਕੂਕਣ ਦੀ ਆਵਾਜ਼—"ਕਪਤਾਨ ਮਾਰ ਦਿੱਤਾ, ਕਪਤਾਨ ਮਾਰ ਦਿੱਤਾ, ਲੋਕੋ ਫੜੋ ਫੜੋ, ਓਹ ਭਜ ਗਏ ਡੀ. ਏ. ਵੀ. ਕਾਲਜ ਦੇ ਹੋਸਟਲ ਵਲ !" ਫੇਰ ਦੌੜ ਭਜ ਤੇ ਵਿਸਲ ਦੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਹਨ । ਕੁਝ ਚਿਰ ਬਾਅਦ ਫੇਰ ਇਕ ਗੋਲੀ ਦੇ ਚਲਣ ਦੀ ਆਵਾਜ਼ । "ਹਾਏ ਉਇ, ਮਾਰ ਦਿੱਤਾ, ਇਨਕਲਾਬੀ ਛੋਕਰਿਆਂ ਨੇ । ਹੇ ਵਾਹਿਗੁਰੂ ਬਖਸ਼ੀ !"

ਪਲ ਭਰ ਲਈ ਸੰਨਾਟਾ ਜਿਹਾ ਛਾ ਜਾਂਦਾ ਹੈ ।

ਥੋੜ੍ਹੀ ਦੇਰ ਪਿਛੋਂ ਮੰਚ ਉੱਤੇ ਇਕ ਸਿਪਾਹੀ ਇਕ ਵਿਦਿਆਰਥੀ ਨੂੰ ਧੂਹੀ ਲਈ ਆਉਂਦਾ ਹੈ ਅਤੇ ਬੇਰਹਿਮੀ ਨਾਲ ਮਾਰਦਾ ਕੁਟਦਾ ਦਿਖਾਈ ਦਿੰਦਾ ਹੈ । ਉਸ ਦੀਆਂ ਕਿਤਾਬਾਂ ਖਿੰਡਰੀਆਂ ਪਈਆਂ ਹਨ ।

ਸਿਪਾਹੀ : ਬੋਲ, ਕਾਤਲ ਕਿੱਧਰ ਨੂੰ ਭੱਜੇ ਨੇ ?

ਵਿਦਿਆਰਥੀ : ਗੌਰਮੈਂਟ ਕਾਲਜ ਵਲ ਨੂੰ ।

ਸਿਪਾਹੀ : (ਡੰਡਾ ਮਾਰਕੇ) ਝੂਠ ਬਕਦਾਂ, ਕੁਫਰ ਤੋਲਦਾਂ, ਡੀ. ਏ. ਵੀ. ਕਾਲਜ ਦੇ ਹੋਸਟਲ ਵਲ ਨੱਸੇ ਜਾਂਦੇ ਮੈਂ ਖੁਦ ਵੇਖੇ ਨੇ ।

ਵਿਦਿਆਰਥੀ : ਫੇਰ ਤੈਨੂੰ ਮੇਰੇ ਨਾਲੋਂ ਵਧ ਪਤਾ, ਮੈਂ ਤਾਂ ਆਪਣੀ ਪੜਾਈ 'ਚ ਮਗਨ ਸੀ !

ਸਿਪਾਹੀ : ਉੱਚਾ ਲੰਮਾ ਸਿਖ ਤਾਂ ਮੈਂ ਪਛਾਣ ਲਿਆ, ਦਸ ਦੂਜਾ ਕੌਣ ਸੀ ?

ਵਿਦਿਆਰਥੀ : ਉਹਨਾਂ ਐਨੇ ਹਿੰਦੁਸਤਾਨੀ ਕੋਹੇ ਨੇ, ਜੇ ਇਕ ਅਧ ਫਰੰਗੀ ਮਰ ਗਿਆ ਫੇਰ ਆਖਰ ਕਿਹੜੀ ਆ ਗਈ ।

ਸਿਪਾਹੀ : ਓਏ ਕੀ ਬਕਿਆ ? ਉਹ ਸਾਡੇ ਰਾਜੇ ਨੇ ।

ਵਿਦਿਆਰਥੀ : ਗੁਲਾਮੀ ਦੀਆਂ ਜੰਜੀਰਾਂ ਤੋੜਨ ਲਈ ਹੀ ਤਾਂ ਰਾਜਿਆਂ ਵਿਰੁਧ ਲੜ ਰਹੇ ਆਂ ।

ਸਿਪਾਹੀ : ਉਇ ਤੇਰੇ ਚੋਂ ਮੈਨੂੰ ਬਗਾਵਤ ਦੀ ਬੂ ਆ ਰਹੀ ਏ, ਤੂੰ ਵੀ ਸਿਰ ਫਿਰਿਆ ਮੁੰਡਾ ਲਗਦਾ । ਚਲ ਥਾਣੇ ਤੈਨੂੰ ਅਜ਼ਾਦੀ ਦਾ ਸਬਕ ਸਿਖਾਈਏ !

ਸਿਪਾਹੀ ਵਿਦਿਆਰਥੀ ਨੂੰ ਧੂਹ ਕੇ ਇਕ ਪਾਸੇ ਨੂੰ ਲਿਜਾਂਦਾ ਹੈ ।

... ... ... ... ...

... ... ... ... ...

ਕੁਝ ਦੇਰ ਬਾਅਦ ਮੰਚ ਦੇ ਦੂਜੇ ਪਾਸੇ ਭਗਤ ਸਿੰਘ ਭਰਿਮਤ ਤੇ ਜਟਕੀ ਪਗੜੀ ਵਿਚ ਬੇਪਛਾਣ ਅਤੇ ਰਾਜ ਗੁਰੂ ਗਰੀਬੜੇ ਜਿਹੇ ਲਿਬਾਸ ਵਿਚ ਮੰਚ ਉੱਤੇ ਪ੍ਰਵੇਸ਼ ਕਰਦੇ ਹਨ । ਓਪਰੇ ਬੰਦੇ ਦੇਖ ਕੇ ਇਕ ਸਵਾਣੀ ਬਾਹਰ ਆਉਂਦੀ ਹੈ ।

ਦੁਰਗਾ ਦੇਵੀ : ਵੇ ਕੋਣ ਹੋ ਤੁਸੀਂ ?

ਭਗਤ : ਦੁਰਗਾ ਭਾਬੀ ਜੀ, ਪਛਾਣਿਆ ਨਹੀਂ ?

ਦੁਰਗਾ : ਹੈਂ ! ਭਗਤ ਸਿੰਘ ? ਵੇ ਤੂੰ ਕੌਣ ਹੈਂ ?

ਭਗਤ ; ਬੁੱਝੋ ਭਲਾ ?



ਦੁਰਗਾ : ਰਾਜ ਗੁਰੂ ਲਗਦਾ । ਤੁਸੀਂ ਕੀ ਸਾਂਗ ਰਚਿਆ ਹੋਇਐ ?

ਭਗਤ : ਫਰੰਗੀਆਂ ਨੇ ਹਿੰਦੋਸਤਾਨੀ ਨੌਜਵਾਨਾਂ ਦੀ ਅਣਖ ਨੂੰ ਵੰਗਾਰਿਆ ਸੀ, ਅਸੀਂ ਭਾਜੀ ਮੋੜ ਆਏ ਆਂ ।

ਦੁਰਗਾ : ਕੀ ਦੁਸ਼ਟ ਸਕਾਟ ਨੂੰ ਖਤਮ ਕਰ ਆਏ ?

ਭਗਤ : ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦੀ ਸ਼ਹੀਦੀ ਦਾ ਬਦਲਾ ਚੁਕਾ ਆਏ ।

ਦੁਰਗਾ : ਤੁਸੀ ਤਾਂ ਐਉਂ ਤੁਰੇ ਆਏ ਓ, ਜਿਵੇਂ ਜਟ ਖੇਤ ਚੋਂ ਨਿਸੱਲ ਹੋਕੇ ਹਥ ਲਮਕਾਈ ਤੁਰਿਆ ਆਉਂਦੈ ।

ਭਗਤ : ਹੋਰ ਭਾਬੀ ਜੀ, ਘਬਰਾਹਟ ਦਿਖਾ ਕੇ ਖਤਰਾ ਮੁਲ ਲੈਂਦੇ ।

ਦੁਰਗਾ : ਚੰਦਰ ਸ਼ੇਖਰ ਆਜ਼ਾਦ ਤੇ ਸੁਖਦੇਵ ?

ਭਗਤ : ਮਾਲੂਮ ਹੁੰਦਾ, ਉਹਨਾਂ ਨੇ ਹੈਡ ਕੰਸਟੇਬਲ ਚੰਨਣ ਸਿੰਘ ਨੂੰ ਸਕਾਟ ਕੋਲ ਪੁਚਾ ਦਿੱਤਾ ।

ਰਾਜ ਗੁਰੂ : ਉਸ ਮੂਰਖ ਨੇ ਵੀ ਦੂਰ ਤਕ ਸਾਡਾ ਪਿੱਛਾ ਕੀਤਾ ।

ਭਗਤ : ਉਹਨੂੰ ਤਾਂ ਬਹਾਦਰੀ ਦਾ ਤਗਮਾ ਹੱਥੋ ਹੱਥ ਮਿਲ ਗਿਆ !

ਦੁਰਗਾ : ਚੰਦਰਾ ਲਾਲਚ ਵਸ ਮਾਰਿਆ ਗਿਆ ।

ਭਗਤ : ਬਾਕੀ ਪਿੱਛੇ ਦੌੜ ਗਏ, ਨਹੀਂ ਕਈ ਭੁੰਨੇ ਜਾਣੇ ਸਨ ।

ਦੁਰਗਾ : ਫੇਰ ਤੁਸੀਂ ਕਿੱਦਾਂ ਖੱਚ ਨਿਕਲੇ ?

ਭਗਤ : ਹੋਸਟਲ ਦੇ ਪਿਛਲੇ ਦਰਵਾਜ਼ੇ ਥਾਣੀਂ ਚੋਰ ਭੁਲਾਈ ਦੇ ਆਏ ਆਂ ।

ਦੁਰਗਾ : ਛੇਤੀ ਦੱਸੋ ਹੁਣ ਕੀ ਕਰਨਾ ?

ਭਗਤ : ਤੁਸੀਂ ਝਟ ਪਟ ਤਿਆਰ ਹੋ ਜਾਉ ।

ਦੁਰਗਾ : ਕਿੱਥੇ ਜਾਣ ਲਈ ?

ਭਗਤ : ਕਲਕੱਤੇ ।

ਦੁਰਗਾ : ਪੈਸੇ ? ਟਿਕਟਾਂ ?

ਭਗਤ : ਆਜ਼ਾਦ ਨੇ ਸਭ ਪ੍ਰਬੰਧ ਕੀਤੇ ਹੋਏ ਨੇ । ਫਸਟ ਕਲਾਸ ਦੀਆਂ ਟਿਕਟਾਂ ਬੁਕ ਨੇ । ਸੁਸ਼ੀਲਾ ਦੀਦੀ ਨੂੰ ਤਾਰ ਦਿੱਤੀ ਹੋਈ ਏ ।

ਦੁਰਗਾ : ਬੜੇ ਹੁਸ਼ਿਆਰ ਓ ਤੁਸੀਂ ?

ਭਗਤ : ਭਾਬੀ ਦੁਰਗਾ ਦੇਵੀ, ਜਿਨ੍ਹਾਂ ਸਿਰ ਤਲੀ ਤੇ ਟਿਕਾਇਆ ਹੁੰਦਾ, ਉਹਨਾਂ ਦਾ ਦਿਮਾਗ ਤੇਜ਼ੀ ਨਾਲ ਹਰਕਤ ਕਰਦਾ ।

ਦੁਰਗਾ : ਮੈਂ ਤਾਂ ਤਿਆਰ ਹੀ ਸਮਝੋ ।

ਭਗਤ ਸਿੰਘ : ਚੰਗਾ ਮੈਂ ਹੁਲੀਆ ਬਦਲ ਲਵਾਂ, ਵੱਡੇ ਭਾਈ ਦਾ ਸੂਟ ਤੇ ਸੇਵ ਦਾ ਸਮਾਨ ਕਿੱਥੇ ਐ ?

ਦੁਰਗਾ : ਸਭ ਕੁਝ ਅੰਦਰ ਪਿਆ, ਛੇਤੀ ਕਰ, ਢਿੱਲ ਖਤਰਨਾਕ ਏ ।

ਭਗਤ : ਰਾਜ ਗੁਰੂ, ਤੂੰ ਨੌਕਰ ਦਾ ਭੇਸ ਬਦਲ ਲੈ ।

ਰਾਜ ਗੁਰੂ : ਬਸ ਪਜਾਮਾ ਹੀ ਪੁੱਠਾ ਜਿਹਾ ਪਾਉਣਾ ।

ਭਗਤ : ਮੂੰਹ ਰੱਬੋਂ ਲਮਕਿਆ ਹੋਇਐ ।

ਤਿੰਨੇ ਹਸਦੇ ਹਨ । ਭਗਤ ਸਿੰਘ ਛੇਤੀ ਛੇਤੀ ਅੰਦਰ ਜਾਂਦਾ ਹੈ ।

ਦੁਰਗਾ : ਰਾਜ ਗੁਰੂ, ਤੈਨੂੰ ਪੱਕਾ ਪਤਾ, ਮਰਨ ਵਾਲਾ ਪੁਲੀਸ ਸੁਪਰਡੈਂਟ ਸਕਾਟ ਸੀ ?

ਰਾਜ ਗੁਰੂ : ਜੈ ਗੁਪਾਲ ਦੀ ਡਿਊਟੀ ਸੀ, ਦਫਤਰੋਂ ਨਿਕਲਣ ਵਕਤ ਇਸ਼ਾਰਾ ਕਰਨਾ ।

ਦੁਰਗਾ : ਐਨੇ ਦਿਨਾਂ ਦੇ ਤਾੜਦੇ ਫਿਰਦੇ ਸੀ, ਤੁਸੀਂ ਪਛਾਣਿਆ ਨਹੀਂ ?

ਰਾਜ ਗੁਰੂ : ਮੈਨੂੰ ਤਾਂ ਡਿਪਟੀ ਸੁਪਰਡੈਂਟ ਸਾਂਡਰਸ ਲੱਗਾ ।

ਦੁਰਗਾ : ਚਲੋ ਕੋਈ ਹੋਇਆ, ਤੁਸੀਂ ਤਾਂ ਧਮਾਕਾ ਈ ਕਰਨਾ ਸੀ ।

ਰਾਜ ਗੁਰੂ : ਸਾਰੇ ਸ਼ਹਿਰ ਵਿਚ ਕਾਵਾਂ ਰੌਲੀ ਪੈ ਗਈ ਲਗਦੀ ਐ, ਸਾਨੂੰ ਛੇਤੀ ਕਰਨੀ ਚਾਹੀਦੀ ਹੈ ।

ਦੁਰਗਾ : ਆਜ਼ਾਦ ਤੇ ਸੁਖਦੇਵ ਬਾਰੇ ਮੈਨੂੰ ਧੁਖ ਧੁਖੀ ਜਹੀ ਲੱਗੀ ਹੋਈ ਏ ।

ਰਾਜ ਗੁਰੂ : ਚਿੰਤਾ ਨਾ ਕਰੋ, ਉਹ ਜ਼ਰੂਰ ਕਿਧਰੇ ਲੁਕ ਛਿਪ ਗਏ ਹੋਣਗੇ ।

ਦੁਰਗਾ : ਉਂਝ ਅਜ਼ਾਦ ਬਹੁਤ ਹੁਸ਼ਿਆਰ ਏ, ਪੁਲੀਸ ਦੇ ਕਾਬੂ ਆਉਣ ਵਾਲਾ ਨਹੀਂ ।



ਰਾਜ ਗੁਰੂ : ਉਹ ਤਾਂ ਗੁਰੂ ਘੰਟਾਲ ਏ ।

ਇੰਨੀ ਦੇਰ ਨੂੰ ਸਾਧੂਆਂ ਦੇ ਇਕ ਟੋਲੇ ਦੇ ਗਾਣ ਦੀ ਆਵਾਜ਼ ਸੁਣਾਈ ਦਿੰਦੀ ਹੈ ।

ਦੁਰਗਾ : ਇਹ ਸਾਧੂ ਕਿਥੋਂ ਆਣ ਟਪਕੇ ?

ਰਾਜ ਗੁਰੂ : ਵਿਹਲੜਾਂ ਦਾ ਹੋਰ ਕੰਮ ਕੀ ਐ ।

ਦੁਰਗਾ : ਗਾਉਂਦੇ ਬਹੁਤ ਸੋਹਣਾ ਨੇ, ਜ਼ਰਾ ਸੁਣ :

ਅਬ ਸੌਂਪ ਦੀਆ ਜੀਵਨ ਕਾ
ਸਭ ਭਾਰ ਤੁਮਹਾਰੇ ਹਾਥੋਂ ਮੇਂ
ਹੈ ਜੀਤ ਤੁਮਹਾਰੇ ਹਾਥੋਂ ਮੇਂ
ਔਰ ਹਾਰ ਤੁਮਹਾਰੇ ਹਾਥੋਂ ਮੇਂ ।

... ... ...

... ... ...

ਮੁਖ ਸਾਧੂ ਰਾਮ ਨੌਮੀ ਦਾ ਪਰਨਾ ਮੋਢੇ ਰਖੀ ਮੱਥੇ ਚੰਦਨ ਲਗਾ ਕੇ ਮਥਰਾ ਦੇ ਪਾਂਡੇ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ । ਉਸ ਪਿੱਛੇ ਕੁਝ ਹੋਰ ਸਾਧੂ ਹਨ ।

ਦੁਰਗਾ ਤੇ ਰਾਜ ਗੁਰੂ ਦਿਲਚਸਪੀ ਨਾਲ ਉਨ੍ਹਾਂ ਦਾ ਗਾਣਾ ਸੁਣਦੇ ਹਨ । ਇੰਨੀ ਦੇਰ ਨੂੰ ਭਗਤ ਸਿੰਘ ਹੈਟ ਸਿਰ ਧਰੀ ਅੰਦਰੋਂ ਨਿਕਲਦਾ ਹੈ ।

ਭਗਤ : ਕਿਉਂ ਭਾਬੀ, ਕੈਸਾ ਲਗ ਰਿਹਾਂ ?

ਦੁਰਗਾ : ਐਨ ਕਾਲਾ ਸਾਹਿਬ ।

ਭਗਤ : ਤੁਸੀਂ ਸਾਹਿਬ ਬਹਾਦਰ ਬਲਵੰਤ ਟਾਏ ਦੀ ਝੂਠੀ ਮੇਮ ।

ਦੁਰਗਾ : ਹੂੰ ! ਇਹ ਗੱਲ ਐ ?

ਭਗਤ : ਰਾਜ ਗੁਰੂ ਸਾਹਿਬ ਬਹਾਦਰ ਦਾ ਨੌਕਰ ।

ਦੁਰਗਾ : ਢੁਕ ਗਿਆ ਸਾਂਗ।

ਭਗਤ : ਓਇ ਬੁੱਧੂ, ਜਾਓ, ਜਲਦੀ ਟਾਂਗਾ ਲਾਓ।

ਤਿੰਨੇ ਜਣੇ ਹੱਸਦੇ ਹਨ।

ਦੁਰਗਾ : ਸਾਹਿਬ ਬਹਾਦਰ ਨੂੰ ਕਾਕਾ ਸਜਿੰਦਰ ਵੀ ਚੁਕਣਾ ਪੈਣਾ ਏ।

ਭਗਤ : ਜ਼ਰੂਰ ! ਜ਼ੁੰਮੇਵਾਰੀ ਤੋਂ ਮੈਂ ਨਹੀਂ ਘਬਰਾਣ ਵਾਲਾ। ਕਾਕਾ ਮੇਰੇ ਕੋਲ ਦਿਉ, ਤੁਸੀਂ ਬੂਹੇ ਬਾਰੀਆਂ ਬੰਦ ਕਰੋ। ਤਾਲਾ ਲਾਉ।

ਮੁਖ ਸਾਧੂ ਅੱਗੇ ਆਉਂਦਾ ਹੈ, ਭਗਤ ਸਿੰਘ ਬੜੀ ਦਿਲਚਸਪੀ ਨਾਲ ਉਸ ਵਲ ਦੇਖਦਾ ਹੈ।

ਦੁਰਗਾ : ਮਹਾਤਮਾ ਜੀ, ਹੈਥੇ ਠਹਿਰੋ, ਕੀ ਚਾਹੀਦਾ ਹੈ ?

ਸਾਧੂ : ਸਾਧੂ ਮਥਰਾ ਕੋ ਜਾ ਰਹੇ ਹੈਂ। ਕੋਈ ਰੁੱਖਾ ਮਿੱਸਾ ਭੋਜਨ ਮਿਲ ਜਾਏ।

ਦੁਰਗਾ : ਮਹਾਤਮਾ ਜੀ, ਆਹ ਨਕਦ ਪੈਸੇ ਲੈ ਲਉ, ਰਸਦ ਖਰੀਦ ਲੈਣਾ।

ਸਾਧੂ : ਮਾਤਾ, ਤੂੰ ਬਹੁਤ ਦਿਆਲੂ ਹੈਂ। ਪਰਮਾਤਮਾ ਦੀ ਮਿਹਰ ਹੋਗੀ। ਲੰਮੇ ਸਫ਼ਰ ਤੇ ਜਾਂਦੇ ਲਗਦੇ ਹੋ। ਆਹ ਲਉ ਸਾਧੂਓਂ ਕਾ ਅਸ਼ੀਰਵਾਦ, ਸਫਰ ਸੁਖਾਲਾ ਕੱਟੇਗਾ।

ਭਗਤ : (ਮੁਸਕ੍ਰਾਂਦਾ ਹੋਇਆ) ਭਾਬੀ, ਪਤਾ ਕੌਣ ਏ ?

ਦੁਰਗਾ : ਨਹੀਂ।

ਭਗਤ : ਚੰਦਰ ਸ਼ੇਖਰ ਆਜ਼ਾਦ ਤੇ ਸੁਖਦੇਵ।

ਦੁਰਗਾ : ਹੈਂ ! ਅਜ਼ਾਦ ਤੇ ਸੁਖਦੇਵ ! ਮੈਂ ਮਰ ਜਾਂ।

ਭਗਤ : ਸਾਧੂਆਂ ਦਾ ਇਹ ਟੋਲਾ ਵੀ ਕਲਕੱਤਾ ਮੇਲ 'ਚ ਥਰਡ ਕਲਾਸ 'ਚ ਸਫਰ ਕਰੇਗਾ।

ਦੁਰਗਾ : ਧੰਨ ਹੋ ਤੁਸੀਂ ਇਨਕਲਾਬੀ।

ਭਗਤ : ਭਾਬੀ ਜੀ, ਤੁਹਾਡੇ ਪਤੀ ਭਗਵਤੀ ਚਰਨ ਸਾਡੇ ਨਾਲੋਂ ਕਿਤੇ ਵੱਡੇ ਇਨਕਲਾਬੀ ਨੇ।

ਦੁਰਗਾ : ਤਾਂਗਾ ਆ ਗਿਆ ਲਗਦਾ ਹੈ, ਛੇਤੀ ਕਰੋ।



ਭਗਤ : ਭਾਬੀ ਜੀ, ਪੂਰੀ ਸਾਵਧਾਨੀ ਨਾਲ।

ਦੁਰਗਾ : ਮੇਰੀ ਚਿੰਤਾ ਨਾ ਕਰ।

ਛੇਤੀ ਛੇਤੀ ਜਾਂਦੇ ਹਨ। ਰਾਜ ਗੁਰੂ ਪੁਰਾਣੀ ਜਿਹੀ ਦਰੀ ਵਿਚ ਬਿਸਤਰਾ ਕੱਛੇ ਮਾਰੀ ਮਗਰ ਮਗਰ ਜਾਂਦਾ ਹੈ। ਸਾਧੂ ਪਿੱਛੇ ਗਾਣਾ ਜਾਰੀ ਰਖਦੇ ਹਨ। ਚੰਦਰ ਸ਼ੇਖਰ ਪਹਿਲਾਂ ਉਨ੍ਹਾਂ ਨੂੰ ਜਾਂਦਿਆਂ ਵੇਖਦਾ ਹੈ, ਆਲੇ ਦੁਆਲੇ ਤਾੜਦਾ ਹੈ, ਫੇਰ ਘਰ ਦੇ ਬੂਹੇ ਬਾਰੀਆਂ, ਜੰਦਰਾ ਆਦਿ ਚੰਗੀ ਤਰ੍ਹਾਂ ਟੋਂਹਦਾ ਹੈ।

... ... ... ...

## ਝਾਕੀ ਦੂਜੀ

ਬੱਤੀਆਂ ਬੁਝ ਕੇ ਜਗਦੀਆਂ ਹਨ। ਆਗਰਾ ਹੀਂਗ ਮੰਡੀ ਵਿਚ ਇਕ ਕਮਰਾ। ਇਨਕਲਾਬੀਆਂ ਦੀ ਗੁਪਤ ਮੀਟਿੰਗ ਹੋ ਰਹੀ ਹੈ। ਚੰਦਰ ਸ਼ੇਖਰ ਆਜ਼ਾਦ ਸਾਧੂ ਭੇਸ ਵਿਚ ਹੀ ਪ੍ਰਧਾਨਗੀ ਕਰ ਰਿਹਾ ਹੈ। ਗਰਮਾ ਗਰਮ ਬਹਿਸ ਹੋ ਰਹੀ ਹੈ।

ਆਜ਼ਾਦ : ਸਾਥੀਓ, ਚੁਪ ਹੋ ਜਾਓ। ਹੁਣ ਭਗਤ ਸਿੰਘ ਨੂੰ ਆਪਣੇ ਖ਼ਿਆਲ ਜ਼ਾਹਰ ਕਰਨ ਦਿਉ।

ਭਗਤ : (ਬੰਗਾਲੀ ਢੰਗ ਦੀ ਧੋਤੀ ਕੁੜਤਾ ਪਾਈ ਸ਼ਾਲ ਓੜੀ ਖੜਾ ਹੁੰਦਾ ਹੈ) ਦੋਸਤੋ, ਤੁਹਾਨੂੰ ਪਤਾ ਹੀ ਹੈ, ਬਰਤਾਨਵੀ ਸਾਮਰਾਜ ਵਿਚ ਇਨਸਾਫ ਨੂੰ ਕੋਈ ਥਾਂ ਨਹੀਂ। ਉਹ ਗੁਲਾਮਾਂ ਨੂੰ ਇਕੋ ਸਾਹੇ ਦਬਾਉਣਾ ਤੇ ਸਾਹਸ-ਹੀਨ ਕਰਨਾ ਚਾਹੁੰਦੇ ਨੇ, ਨਿਕੀਆਂ ਮੋਟੀਆਂ ਗੱਲਾਂ ਨਾਲ ਕੁਝ ਨਹੀਂ ਬਣਨਾ। ਸਾਨੂੰ ਕੋਈ ਜ਼ੋਰਦਾਰ ਧਮਾਕਾ ਕਰਨਾ ਚਾਹੀਦਾ ਏ। 8 ਅਪ੍ਰੈਲ ਨੂੰ ਅਸੈਂਬਲੀ ਵਿਚ ਦੋ ਕਾਲੇ ਕਾਨੂੰਨ ਪੇਸ਼ ਹੋ ਰਹੇ ਨੇ, ਜੋ ਧੱਕੇ ਨਾਲ ਪਾਸ ਕੀਤੇ ਜਾਣਗੇ।

ਸੁਖਦੇਵ : ਕੀ ਉਹ ਰੋਕੇ ਨਹੀਂ ਜਾ ਸਕਦੇ ?

ਭਗਤ : ਕਿਉਂ ਨਹੀਂ।

ਸੁਖਦੇਵ : ਉਹ ਕਿਸ ਤਰ੍ਹਾਂ ?

ਭਗਤ : ਕੁਰਬਾਨੀ ਨਾਲ। ਕੁਰਬਾਨੀ ਭਰੇ ਸਾਕੇ ਨਾਲ ਹੀ ਅਸੈਂਬਲੀ ਵਿਚ ਬੈਠੇ ਗੋਰਿਆਂ ਦੀਆਂ ਅੱਖਾਂ ਖੁਲ੍ਹਣਗੀਆਂ, ਹਿੰਦੁਸਤਾਨੀਆਂ ਦੇ ਹੌਸਲੇ ਵਧਣਗੇ।

ਆਜ਼ਾਦ : ਸਵਾਲ ਹੈ, ਅਸੈਂਬਲੀ ਵਿਚ ਬੈਠੇ ਸਾਈਮਨ ਤੇ ਹੋਰਾਂ ਦੀਆਂ ਅੱਖਾਂ ਕਿਸ ਤਰ੍ਹਾਂ ਖੋਲੀਆਂ ਜਾਣ।

ਭਗਤ : ਇਹੋ ਤਾਂ ਮੈਂ ਦੱਸਣ ਲੱਗਾ ਹਾਂ।

ਆਜ਼ਾਦ : ਤੇਰੇ ਗੰਭੀਰ ਚਿਹਰੇ ਤੋਂ ਮੈਨੂੰ ਕੁਛ ਜਚ ਰਿਹਾ ਸੀ।

ਭਗਤ : 8 ਅਪ੍ਰੈਲ ਨੂੰ ਸੈਂਟਰਲ ਅਸੈਂਬਲੀ ਵਿਚ ਸੇਫਟੀ ਐਕਟ ਤੇ ਮਜ਼ਦੂਰਾਂ ਵਿਰੁੱਧ ਟਰੇਡ ਡਿਸਪਿਊਟਸ ਬਿਲ ਪੇਸ਼ ਹੋਣਗੇ।

ਆਜ਼ਾਦ : ਵਿਰੋਧੀ ਗਰੁਪ ਦੇ ਲੀਡਰ ਪੰਡਤ ਮੋਤੀ ਲਾਲ ਨਹਿਰੂ ਤੇ ਹੋਰ ਮੈਂਬਰ ਜ਼ਰੂਰ ਖਿਲਾਫ ਬੋਲਣਗੇ।

ਭਗਤ : ਪਰ ਵਾਇਸਰਾਏ ਉਨ੍ਹਾਂ ਨੂੰ ਡਰਾਏਗਾ; ਧਮਕਾਏਗਾ ! ਹੋ ਸਕਦਾ ਏ, ਆਰਡੀਨੈਂਸ ਜਾਰੀ ਕਰਨ ਦੀ ਧਮਕੀ ਦੇਵੇ। ਬਸ ਅਜਿਹੇ ਮੌਕੇ ਧਮਾਕਾ ਕੀਤਾ ਜਾਵੇ।

ਸੁਖਦੇਵ : ਕਿਸ ਭਾਂਤ ਦਾ ਧਮਾਕਾ ?

ਭਗਤ : ਅਸੈਂਬਲੀ ਹਾਲ ਵਿਚ ਗੈਲਰੀ ਤੋਂ ਬੰਬ ਸੁੱਟਿਆ ਜਾਵੇ।

ਬਹੁਤ ਸਾਰੇ : ਸੱਚੀ ਮੁੱਚੀ ਦਾ ਬੰਬ ?

ਭਗਤ : ਹਾਂ !

ਇਕ ਦਮ ਵਾਤਾਵਰਣ ਗੰਭੀਰ ਹੋ ਜਾਂਦਾ ਹੈ।

ਭਗਤ : ਇਹ ਤਜਵੀਜ਼ ਕਾਲਜ ਦੇ ਦਿਨਾਂ ਤੋਂ ਮੇਰੇ ਮਨ ਵਿਚ ਪਕਦੀ ਰਹੀ ਏ।

ਆਜ਼ਾਦ : ਤਜਵੀਜ਼ ਤਾਂ ਵਧੀਆ ਹੈ, ਬੰਬ ਦੇ ਗੋਲੇ ਵਾਂਗ ਗਲ ਦੁਨੀਆ ਭਰ ਵਿਚ ਫੈਲ ਜਾਵੇਗੀ।

ਸੁਖਦੇਵ : ਅਸਲੋਂ ਨਵਾਂ ਸੁਝਾ।



ਭਗਤ : ਫਰਾਂਸ ਦੀ ਅਸੈਂਬਲੀ ਵਿਚ ਇਨਕਲਾਬੀ ਵੈਲਾ ਦਾ ਅਜ਼ਮਾਇਆ ਹੋਇਆ ਢੰਗ।

ਆਜ਼ਾਦ : ਬੰਬ ਦੇ ਧਮਾਕੇ ਪਿੱਛੋਂ ਅਗਲਾ ਕਦਮ ਕੀ ਹੋਵੇਗਾ ?

ਭਗਤ : ਉਸ ਪਿਛੋਂ ਗੈਲਰੀ ਤੋਂ "ਇਨਕਲਾਬ ਜ਼ਿੰਦਾਬਾਦ, ਸਾਮਰਾਜ ਮੁਰਦਾਬਾਦ" ਦੇ ਨਾਅਰੇ ਲਗਾਏ ਜਾਣ ਅਤੇ ਹਾਲ ਵਿਚ ਪੈਂਫਲਿਟ ਸੁੱਟੇ ਜਾਣ। ਸਰਕਾਰ ਨੂੰ ਇਸ ਤਰ੍ਹਾਂ ਲਲਕਾਰਿਆ ਜਾਵੇ - "ਐ ਘਾਤਕ ਕਾਨੂੰਨ ਬਣਾਉਣ ਵਾਲਿਉ, ਸੋਚੋ, ਸਮਝੋ, ਹੋਸ਼ ਕਰੋ। ਭਾਰਤ ਦੇ ਨੌਜਵਾਨ ਜਾਗ ਪਏ ਨੇ, ਇਨਕਲਾਬ ਦੀ ਲਾਲ ਹਨੇਰੀ ਝੁਲ ਪਈ ਹੈ।"

ਆਜ਼ਾਦ : ਜੇ ਕੁਝ ਮੈਂਬਰ ਬੰਬ ਨਾਲ ਮਾਰੇ ਗਏ ਫੇਰ ?

ਭਗਤ : ਮਨੁਖੀ ਜਾਨਾਂ ਦਾ ਹਰਗਿਜ਼ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ।

ਸੁਖਦੇਵ : ਕੀ ਗਰੰਟੀ ਹੈ ?

ਭਗਤ : ਅਸੀਂ ਝਾਂਸੀ ਦੇ ਜੰਗਲਾਂ ਵਿਚ ਬੰਬ ਅਜ਼ਮਾ ਚੁੱਕੇ ਹਾਂ।

ਆਜ਼ਾਦ : ਸਾਥੀਓ, ਭਗਤ ਸਿੰਘ ਦੀ ਪੂਰੀ ਤਜਵੀਜ਼ ਤਾਂ ਸੁਣ ਲਵੋ।

ਭਗਤ : ਉਸ ਪਿੱਛੋਂ ਗ੍ਰਿਫਤਾਰੀ ਦਿੱਤੀ ਜਾਏ, ਮੁਕਦਮਾ ਚਲੇਗਾ, ਅਦਾਲਤਾਂ ਰਾਹੀਂ ਸਾਡੀ ਵਿਚਾਰਧਾਰਾ ਦਾ ਜ਼ੋਰਦਾਰ ਪ੍ਰਚਾਰ ਹੋ ਸਕੇਗਾ। ਲੋਕਾਂ ਵਿਚ ਸਾਹਸ ਤੇ ਜਾਗਰਤੀ ਪੈਦਾ ਕਰਨ ਦਾ ਇਹੋ ਇਕ ਢੰਗ ਹੈ। ਅਸੀਂ ਇਕੋ ਹੱਲੇ ਨਾਲ ਲੋਕ ਰਾਏ ਜਥੇਬੰਦ ਕਰ ਸਕਦੇ ਹਾਂ।

ਤਾਰਾਚੰਦ : ਤਜਵੀਜ਼ ਤਾਂ ਵਧੀਆ ਹੈ ਪਰ ਸਿਰੇ ਚਾੜ੍ਹਨ ਲਈ ਡੂੰਘੀ ਤਿਆਰੀ ਦੀ ਲੋੜ ਹੈ।

ਆਜ਼ਾਦ : ਸਾਥੀਓ, ਮੇਰੇ ਖਿਆਲ ਵਿਚ ਭਗਤ ਸਿੰਘ ਦੀ ਇਹ ਤਜਵੀਜ਼ ਸਲਾਹੁਣ ਯੋਗ ਹੈ। ਕਿਸੇ ਨੂੰ ਕੋਈ ਇਤਰਾਜ਼ ?

ਸੁਖਦੇਵ : ਕੋਈ ਨਹੀਂ।

ਆਜ਼ਾਦ : ਫੇਰ ਅਸੀਂ ਇਹ ਤਜਵੀਜ਼ ਸਰਬ ਸੰਮਤੀ ਨਾਲ ਪਾਸ ਕਰਦੇ ਹਾਂ। ਹੁਣ ਤਿੰਨ ਪ੍ਰਸ਼ਨ ਸਾਡੇ ਸਾਹਮਣੇ ਵਿਚਾਰ ਗੋਚਰੇ ਨੇ।

ਸੁਖਦੇਵ : ਉਹ ਕਿਹੜੇ ?

ਆਜ਼ਾਦ : ਪਹਿਲਾ ਇਹ ਬੰਬ ਕੌਣ ਸੁੱਟੇਗਾ ? ਦੂਜਾ ਇਹ, ਬੰਬ ਸੁੱਟਣ ਪਿੱਛੋਂ ਗ੍ਰਿਫ਼ਤਾਰੀ ਦਿੱਤੀ ਜਾਵੇ ਕਿ ਨਾ, ਤੀਜਾ ਇਹ, ਬੰਬ ਕਦੋਂ ਤੇ ਕਿਸ ਵਕਤ ਸੁਟਿਆ ਜਾਵੇ ?

ਬੀ.ਕੇ. ਦੱਤ ; ਇਹ ਕੰਮ ਮੈਨੂੰ ਸੌਂਪਿਆ ਜਾਵੇ ।

ਸੁਖਦੇਵ : ਮੈ ਆਪਣਾ ਨਾਂ ਪੇਸ਼ ਕਰਦਾ ਹਾਂ ।

ਭਗਤ : ਕਿਉਂਕਿ ਵਿਉਂਤ ਮੇਰੀ ਹੈ, ਇਸ ਨੂੰ ਅਮਲੀ ਰੂਪ ਦੇਣ ਲਈ ਮੈਨੂੰ ਮੌਕਾ ਦਿਤਾ ਜਾਵੇ ।

ਆਜ਼ਾਦ : ਮੈ ਭਗਤ ਸਿੰਘ ਦੇ ਇਸ ਮੁਹਿੰਮ ਵਿਚ ਸ਼ਾਮਲ ਹੋਣ ਦੇ ਸਖ਼ਤ ਵਿਰੁਧ ਹਾਂ ।

ਸੁਖਦੇਵ ਤੇ ਤਾਰਾ ਚੰਦ : ਅਸੀਂ ਆਜ਼ਾਦ ਨਾਲ ਸਹਿਮਤ ਹਾਂ !

ਸੁਸ਼ੀਲਾ ਦੀਦੀ : ਮੇਰਾ ਵੀ ਇਹੋ ਖਿਆਲ ਹੈ ।

ਭਗਤ : (ਗੁੱਸੇ ਨਾਲ ਉਠ ਕੇ) ਮੈਨੂੰ ਵਿਰੋਧਤਾ ਦਾ ਕਾਰਨ ਦਸਿਆ ਜਾਵੇ ?

ਆਜ਼ਾਦ : (ਬਾਕੀ ਮੈਂਬਰਾਂ ਨੂੰ ਬੋਲਣ ਤੋਂ ਰੋਕਣ ਦਾ ਇਸ਼ਾਰਾ ਕਰਦਾ ਹੋਇਆ) ਠਹਿਰੋ, ਮੈ ਦਸਦਾ ਹਾਂ । ਭਗਤ ਸਿੰਘ ਹਿੰਦੁਸਤਾਨੀ ਰੀਪਬਲੀਕਨ ਐਸੋਸੀਏਸ਼ਨ ਦਾ ਮਜ਼ਬੂਤ ਬਾਜ਼ੂ ਹੀ ਨਹੀਂ, ਸਗੋਂ ਦਿਮਾਗ ਵੀ ਹੈ । ਬੰਬ ਸੁੱਟਣ ਪਿੱਛੋਂ ਮੌਤ ਦੀ ਸਜ਼ਾ ਯਕੀਨੀ ਹੈ ।

ਸੁਖਦੇਵ : ਇਸ ਨਾਲ ਪਾਰਟੀ ਨੂੰ ਸਖ਼ਤ ਧੱਕਾ ਲੱਗੇਗਾ ।

ਭਗਤ : (ਮੁੱਕਾ ਵੱਟ ਕੇ) ਸਾਥੀਓ, ਯਕੀਨ ਸਮਝੋ, ਆਜ਼ਾਦੀ ਦੀ ਵੇਦੀ ਤੇ ਖੂਨ ਡੋਲੇ ਬਿਨਾ ਭਾਰਤ ਸੁਤੰਤਰ ਨਹੀਂ ਹੋ ਸਕਦਾ ।

ਦੱਤ : ਮੈਂ ਤੇ ਸੁਖਦੇਵ ਖੂਨ ਡੋਲਣ ਲਈ ਤਿਆਰ ਹਾਂ ।

ਭਗਤ : ਸਾਥੀਓ, ਇਸ ਵਿਉਂਤ ਨੂੰ ਅਮਲੀ ਰੂਪ ਦੇਣਾ ਐਨਾ ਸੌਖਾ ਕੰਮ ਨਹੀਂ ਹੈ ।

ਸੁਸ਼ੀਲਾ ਦੀਦੀ : ਭਰਾਵੋ, ਇਹ ਠੀਕ ਹੈ ਅਸੀਂ ਭਗਤ ਸਿੰਘ ਨੂੰ ਕੁਰਬਾਨ ਨਹੀਂ ਕਰ ਸਕਦੇ. ਪਰ ਇੱਕ ਗਲ ਚੰਗੀ ਤਰ੍ਹਾਂ ਸੋਚ ਲਉ, ਉਸ ਤੋਂ ਬਿਨਾ ਬੰਬ ਸੁੱਟਣ ਦਾ ਹੌਸਲਾ ਤੇ ਪਿਛੋਂ ਅਦਾਲਤਾਂ ਰਾਹੀਂ ਪਾਰਟੀ ਦਾ ਜ਼ੋਰਦਾਰ ਪਰਚਾਰ ਦੱਸੋ ਹੋਰ ਕੌਣ ਕਰ ਸਕਦਾ ਹੈ ?

ਆਜ਼ਾਦ : ਸੁਸ਼ੀਲਾ ਦੀਦੀ ਦੀ ਰਾਏ ਕਾਬਲੇ ਗ਼ੌਰ ਹੈ । ਬੇਸ਼ਕ ਮੈਂ ਭਗਤ ਸਿੰਘ ਨੂੰ ਇਹ ਕੰਮ ਸੌਂਪਣ ਦੇ ਵਿਰੁੱਧ ਹਾਂ ਪਰ ਮੈਂ ਉਸ ਦੀ ਲਿਆਕਤ,



ਕੁਰਬਾਨੀ ਤੇ ਦੇਸ਼ ਭਗਤੀ ਦਾ ਪੂਰੀ ਤਰ੍ਹਾਂ ਕਾਇਲ ਹਾਂ । ਮੇਰਾ ਵੀ ਵਿਸ਼ਵਾਸ ਹੈ ਉਸ ਤੋਂ ਬਿਨਾ ਇਹ ਕਾਰਜ ਸਿਰੇ ਨਹੀਂ ਚੜ੍ਹ ਸਕਦਾ ।

ਸੁਸ਼ੀਲਾ ਦੀਦੀ : ਇਸ ਨਾਲ ਸਾਰੇ ਸਹਿਮਤ ਨੇ ।

ਆਜ਼ਾਦ : ਫੇਰ ਭਗਤ ਸਿੰਘ ਨੂੰ ਹੀ ਇਹ ਕਠਨ ਕੰਮ ਸੌਂਪਿਆ ਜਾਂਦਾ ਹੈ।

ਸਾਰੇ ਤਾਲੀਆਂ ਵਜਾਉਂਦੇ ਹਨ ।

ਭਗਤ : ਮੈਂ ਸਾਥੀਆਂ ਦਾ ਮਨੋ ਮਸ਼ਕੂਰ ਹਾਂ । ਦੂਜਾ ਸਾਥੀ ਮੈਨੂੰ ਬੀ. ਕੇ. ਦੱਤ ਦਿੱਤਾ ਜਾਵੇ,

ਆਜ਼ਾਦ : ਮਨਜ਼ੂਰ ਹੈ । ਇਸ ਸਕੀਮ ਨੂੰ ਸਿਰੇ ਚਾੜ੍ਹਣ ਲਈ ਅਸੀਂ ਸਾਰੇ ਤੇਰਾ ਸਾਥ ਦੇਵਾਂਗੇ (ਉੱਚੀ ਨਾਹਰਾ) ਭਗਤ ਸਿੰਘ ਦੱਤ !

ਸਾਰੇ : ਜ਼ਿੰਦਾਬਾਦ !

ਆਜ਼ਾਦ : ਦੂਜਾ ਪ੍ਰਸ਼ਨ ਹੈ. ਬੰਬ ਸੁੱਟਣ ਪਿਛੋਂ ਗ੍ਰਿਫ਼ਤਾਰੀ ਦਿੱਤੀ ਜਾਵੇ ਕਿ ਨਾ ?

ਸੁਖਦੇਵ : ਮੇਰਾ ਖਿਆਲ ਹੈ ਧਮਾਕਾ ਕਰਕੇ ਰੌਲੇ ਰੱਪੇ ਵਿੱਚੋਂ ਖਿਸਕਿਆ ਜਾਵੇ ।

ਭਗਤ : ਹਰਗਿਜ਼ ਨਹੀਂ ।

ਸੁਸ਼ੀਲਾ ਦੀਦੀ : ਵੀਰ ਭਗਤ ਸਿੰਘ, ਹੋਰ ਧਮਾਕੇ ਕਰਨ ਲਈ ਤੇਰੀ ਜਾਨ ਬਚਣੀ ਜ਼ਰੂਰੀ ਹੈ, ਸਾਂਡਰਸ ਦੇ ਕਤਲ ਪਿੱਛੋਂ ਤੂੰ ਬੰਗਾਲੀ ਬਾਬੂ ਬਣਿਆ, ਬੰਬ ਸੁੱਟਣ ਪਿੱਛੋਂ ਤੂੰ ਬਿਹਾਰੀ ਭਈਆ ਬਣ ਜਾਈਂ, ਕੌਣ ਪਛਾਣੇਗਾ ।

ਸਾਰੇ ਹਸਦੇ ਹਨ ।

ਭਗਤ : ਫੇਰ ਬੰਬ ਸੁੱਟਣ ਦਾ ਕੋਈ ਫ਼ਾਇਦਾ ਨਹੀਂ । ਫਰੰਗੀਆਂ ਨੂੰ ਡਰਾਉਣ ਪਿੱਛੋਂ ਲੋਕਾਂ ਨੂੰ ਜਗਾਉਣਾ ਤੇ ਜਥੇਬੰਦ ਕਰਨਾ ਲਾਜ਼ਮੀ ਹੈ, ਨਹੀਂ ਤਾਂ ਸਾਡਾ ਮਕਸਦ ਪੂਰਾ ਨਹੀਂ ਹੋਵੇਗਾ ।

ਆਜ਼ਾਦ : ਮੈਂ ਭਗਤ ਸਿੰਘ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ । ਕਿਸੇ ਨੂੰ ਕੋਈ ਇਤਰਾਜ਼ ?

ਸਾਰੇ ਚੁੱਪ ਰਹਿੰਦੇ ਹਨ ।

ਆਜ਼ਾਦ : ਠੀਕ ਹੈ । ਤੀਜੇ ਪ੍ਰਸ਼ਨ ਦਾ ਉੱਤਰ ਭਗਤ ਸਿੰਘ ਨੇ ਪਹਿਲਾਂ ਹੀ ਦੇ ਦਿੱਤਾ ਹੈ । 8 ਅਪਰੈਲ ਸਹੀ ਹੈ ।

ਭਗਤ : ਮੈਨੂੰ ਅਜ ਹੀ ਦਿੱਲੀ ਜਾ ਕੇ ਤਿਆਰੀ ਸ਼ੁਰੂ ਕਰਨੀ ਪਵੇਗੀ। 8 ਅਪਰੈਲ ਬਹੁਤੀ ਦੂਰ ਨਹੀਂ। ਸਾਨੂੰ ਅਸ਼ੀਰਵਾਦ ਦਿਉ। ਆਉ ਬੀ. ਕੇ. ਦੱਤ।

ਸੁਸ਼ੀਲਾ : ਵੀਰ ਭਗਤ ਸਿੰਘ, ਜ਼ਰਾ ਠਹਿਰੋ (ਚਾਕੂ ਦੀ ਨੋਕ ਨਾਲ ਆਪਣੀ ਖੱਬੀ ਬਾਂਹ ਵਿਚੋਂ ਖੂਨ ਵਗਾਉਂਦੀ ਹੈ। ਪਹਿਲਾਂ ਭਗਤ ਸਿੰਘ ਦੇ ਤੇ ਫੇਰ ਦੱਤ ਦੇ ਮੱਥੇ ਤੇ ਤਿਲਕ ਲਾਉਂਦੀ ਹੈ) ਜਾਉ, ਬਹਾਦਰ ਵੀਰੋ, ਜਿੱਤ ਪਰਾਪਤ ਕਰਕੇ ਹੀ ਮੁੜਨਾ।

ਭਗਤ : ਖੂਬ! ਰਾਜਪੂਤ ਭੈਣਾਂ ਜੰਗ ਵਿਚ ਜਾ ਰਹੇ ਵੀਰਾਂ ਨੂੰ ਇਸੇ ਤਰ੍ਹਾਂ ਤੋਰਿਆ ਕਰਦੀਆਂ ਸਨ।

ਆਜ਼ਾਦ : (ਵਜਦ ਵਿਚ) :

ਲੋਗ ਕਹਿਤੇ ਹੈਂ ਬਦਲਤਾ ਹੈ ਜਮਾਨਾ ਹਰਦਮ
ਮਰਦ ਵੋਹ ਹੈਂ ਜੋ ਜਮਾਨੇ ਕੋ ਬਦਲ ਦੇਤੇ ਹੈਂ।

... ... ... ... ...

## ਤੀਜੀ ਝਾਕੀ

ਸਥਾਨ : ਸੈਂਟਰਲ ਅਸੈਂਬਲੀ, ਦਿੱਲੀ

ਸਮਾਂ : 8 ਅਪ੍ਰੈਲ 1923

ਮੰਚ ਦੇ ਪਿਛੋਕੜ ਤੋਂ ਥੋੜ੍ਹੀ ਥੋੜ੍ਹੀ ਦੇਰ ਬਾਅਦ ਦੋ ਬੰਬਾਂ ਦੇ ਧਮਾਕੇ। ਹਾਲ ਅੰਦਰ ਤੇ ਗੈਲਰੀ ਵਿਚ ਹਫੜਾ ਦਫੜੀ ਤੇ ਹਾਲ ਦੁਹਾਈ ਮਚੀ ਹੋਈ ਹੈ। ਸਾਰਾ ਆਲਾ ਦੁਆਲਾ ਧੂਏਂ ਨਾਲ ਭਰਿਆ ਹੋਇਆ ਹੈ।

ਪੁਲੀਸ ਇਕ ਬੰਦੇ ਨੂੰ ਬੇਰਹਿਮੀ ਨਾਲ ਮਾਰ ਕੁਟਾਈ ਕਰਦੀ ਦਿਸਦੀ ਹੈ।



ਕੁਝ ਦੇਰ ਬਾਅਦ ਦਰਸ਼ਕ ਗੈਲਰੀ ਵਿਚ ਭਗਤ ਸਿੰਘ ਤੇ ਬੀ. ਕੇ. ਦੱਤ ਨਾਹਰੇ ਮਾਰਦੇ ਤੇ ਹਾਲ ਵਿਚ ਹੈਂਡਬਿਲ ਸੁਟਦੇ ਦਿਖਾਈ ਦਿੰਦੇ ਹਨ। ਉਨ੍ਹਾਂ ਦਾ ਹੁਲੀਆ : ਖਾਕੀ ਕਮੀਜ਼ਾਂ ਤੇ ਨਿਕਰਾਂ, ਹਲਕੇ ਨੀਲੇ ਕੋਟ। ਭਗਤ ਸਿੰਘ ਦੇ ਸਿਰ ਤੇ ਅੰਗ੍ਰੇਜ਼ੀ ਹੈਟ ਅਤੇ ਦੱਤ ਦੇ ਸਿਰ ਗਾਂਧੀ ਟੋਪੀ ਹੈ।

ਦੋਵੇਂ : ਇਨਕਲਾਬ : ਜ਼ਿੰਦਾਬਾਦ
ਡਾਊਨ ਡਾਊਨ : ਯੂਨੀਅਨ ਜੈਕ
ਸਾਮਰਾਜ : ਮੁਰਦਾਬਾਦ
ਕਾਲੇ ਕਾਨੂੰਨ : ਬੰਦ ਕਰੋ
ਇਨਕਲਾਬ : ਜ਼ਿੰਦਾਬਾਦ

ਭਗਤ : (ਉੱਚੀ ਉੱਚੀ ਹਸਦਾ ਹੋਇਆ) ਮਿਸਟਰ ਸਾਰਜੈਂਟ, ਕਿਉਂ ਮਾਸੂਮਾਂ ਨੂੰ ਕੋਂਹਦੇ ਹੋ? ਅੱਗੇ ਆਓ, ਡਰੋ ਮਤ, ਅਸੀਂ ਇਨਸਾਨ ਹਾਂ ਰਾਕਸ਼ ਨਹੀਂ। ਜ਼ਰਾ ਨੀਚੇ ਨਜ਼ਰ ਮਾਰੋ, ਦੇਖੋ ਕੋਈ ਜਾਨੀ ਨੁਕਸਾਨ ਨਹੀਂ ਹੋਣ ਦਿੱਤਾ।

ਸਾਰਜੈਂਟ ਟੈਰੀ : ਫੋਰ ਹਾਥ ਊਂਚੇ ਕਰੋ ਔਰ ਪਿਸਟੋਲ ਨੀਚੇ ਫੈਂਕੋ।

ਭਗਤ : (ਜੇਬ ਵਿਚੋਂ ਹਥ ਕਢ ਕੇ) ਸਾਡੇ ਪਾਸ ਕੋਈ ਪਿਸਤੌਲ ਨਹੀਂ, ਖਾਲੀ ਹਥ ਹਾਂ।

ਟੈਰੀ : (ਹੌਸਲਾ ਫੜਦਾ ਹੋਇਆ) ਅਭੀ ਤੁਹਾਡਾ ਬੰਦੋਬਸਤ ਕਰਦਾ ਹਾਂ।

ਭਗਤ : (ਦੱਤ ਨੂੰ) ਹੁਣ ਦੇਖ ਕਿੱਦਾਂ ਸ਼ੇਰ ਹੋ ਗਿਆ। ਪਹਿਲਾਂ ਸਾਹਬ ਬਹਾਦਰ ਦੀ ਜਾਨ ਨਿਕਲੀ ਹੋਈ ਸੀ।

ਟੈਰੀ : ਕਿਆ ਬੋਲਾ ਹੈ?

ਭਗਤ : ਤੇਰੀ ਬਹਾਦਰੀ ਦੀ ਸਿਫਤ ਕਰਦੇ ਸਾਂ। ਅੱਗੇ ਆ ਕੇ ਸਾਨੂੰ ਗ੍ਰਿਫਤਾਰ ਕਰੋ।

ਟੈਰੀ : ਬੰਬ ਤੁਸੀਨੇ ਹੀ ਫੈਂਕਾ?

ਭਗਤ : ਹਾਂ।

ਟੈਰੀ : ਮਗਰ ਕਿਉਂ?

ਭਗਤ : ਬੋਲਿਆਂ ਨੂੰ ਸੁਣਾਉਣ ਲਈ ਖੜਕਾ ਕਰਨਾ ਜ਼ਰੂਰੀ ਹੋ ਗਿਆ ਸੀ ।

ਟੈਰੀ : ਕਿਆ ਮਤਲਬ ?

ਭਗਤ : ਮਿਸਟਰ ਸਾਰਜੰਟ, ਅਸੀਂ ਦੁਨੀਆਂ ਨੂੰ ਖੁਦ ਦੱਸਾਂਗੇ, ਅਸੀਂ ਬੰਬ ਕਿਉਂ ਸੁੱਟੇ, ਸਾਡਾ ਕੀ ਮਤਲਬ ਸੀ ।

ਟੈਰੀ : ਇਸ਼ਤਿਹਾਰ ਵੀ ਨੀਚੇ ਤੁਸੀਂ ਫੈਂਕੇ ?

ਭਗਤ : ਹਾਂ । ਤੁਸੀ ਵੀ ਅਦਾਲਤ ਵਿਚ ਬਿਆਨ ਦੇਣ ਲਈ ਆਹ ਇਸ਼ਤਿਹਾਰ ਲੈ ਸਕਦੇ ਹੋ ।

ਟੈਰੀ : ਨਾਹਰੇ ਵੀ ਤੁਸੀਂ ਲਾਏ ?

ਭਗਤ : ਹਾਂ । ਤੁਹਾਡੇ ਸਾਹਮਣੇ ਲਾਏ ਨੇ ।

ਟੈਰੀ : ਸ਼ੋਰ ਮਚਾਣ ਦਾ ਮਤਲਬ ?

ਭਗਤ : ਬੰਬ ਸੁੱਟਣ ਦਾ ਮਕਸਦ ਸਮਝਾਣ ਲਈ । ਜੇ ਅਸੀਂ ਬਚ ਕੇ ਨਿਕਲਣਾ ਹੁੰਦਾ ਤਾਂ ਸਾਨੂੰ ਕੋਈ ਨਹੀਂ ਸੀ ਫੜ ਸਕਦਾ, ਆਪੋ ਧਾਪ ਮਚੀ ਹੋਈ ਸੀ ।

ਟੈਰੀ : ਫੇਰ ਕਿਉਂ ਨਹੀਂ ਨਿਕਲੇ ?

ਭਗਤ : ਫੇਰ ਇਨਕਲਾਬ ਦਾ ਝੰਡਾ ਕੌਣ ਝੁਲਾਂਦਾ ।

ਟੈਰੀ : ਤੁਮਹਾਰਾ ਮਤਲਬ ਨਹੀਂ ਸਮਝਾ ।

ਭਗਤ : ਮੌਕਾ ਮਿਲਣ ਤੇ ਅਸੀਂ ਖੁਦ ਅਦਾਲਤ ਵਿਚ ਮਤਲਬ ਸਮਝਾਵਾਂਗੇ ।

ਟੈਰੀ : ਜਾਣਦਾ ਹੈਂ, ਇਸ ਬਦਲੇ ਫਾਂਸੀ ਲਗ ਸਕਦਾ ਹੈ ।

ਭਗਤ : ਮਿਸਟਰ ਸਾਰਜੰਟ, ਮੌਤ ਦੇ ਗਾਨੇ ਬੰਨ ਕੇ ਹੀ ਅਸੀਂ ਗੈਲਰੀ ਤੇ ਚੜੇ ਸੀ ।

ਟੈਰੀ : ਜਦ ਜੇਲ੍ਹ ਅੰਦਰ ਗਲੇ ਸੜੇਂਗਾ ਸਭ ਬਹਾਦਰੀ ਜਾਂਦੀ ਰਹੇਗੀ ।

ਭਗਤ : ਮਿਸਟਰ ਸਾਰਜੰਟ, ਤੂੰ ਵੀ ਆਪਣੇ ਹਮਵਤਨਾ ਵਾਂਗ ਆਣ ਵਾਲੇ ਭੱਖੜ ਤੋਂ ਬੇਖਬਰ ਹੈਂ ।

ਟੈਰੀ : (ਥਾਣੇਦਾਰ ਨੂੰ) ਇਨ ਕੋ ਸਿਵਲ ਲਾਈਨ ਪੁਲੀਸ ਸਟੇਸ਼ਨ ਲੇ ਚੱਲੋ !

ਦੋਵੇਂ ਇਕੱਠੇ : ਇਨਕਲਾਬ : ਜ਼ਿੰਦਾਬਾਦ
ਡਾਊਨ ਡਾਊਨ : ਯੂਨੀਅਨ ਜੈਕ
ਸਾਮਰਾਜ : ਮੁਰਦਾਬਾਦ



## ਚੌਥੀ ਝਾਕੀ

ਦਿੱਲੀ. ਸੈਸ਼ਨ ਜੱਜ ਦੀ ਕਚਹਿਰੀ । ਰੀਡਰ, ਵਕੀਲ ਆਦਿ ਬੈਠੇ ਹਨ । ਸੈਸ਼ਨ ਜੱਜ ਦਾਖਲ ਹੁੰਦਾ ਹੈ । ਸਾਰੇ ਸਤਕਾਰ ਵਜੋਂ ਉਠ ਖੜੇ ਹੁੰਦੇ ਹਨ । ਜੱਜ ਕੁਰਸੀ ਉੱਤੇ ਬੈਠ ਕੇ ਫਾਈਲ ਦੇਖਦਾ ਹੈ ।

ਜੱਜ : ਮੁਜਰਮ ਹਾਜ਼ਰ ਨਹੀਂ ਹੋਏ ? ਆਵਾਜ਼ ਦਿਉ ।

ਅਰਦਲੀ : ਭਗਤ ਸਿੰਘ, ਬੀ. ਕੇ. ਦੱਤ ਹਾਜ਼ਰ ਹੋ ।

ਕੁਝ ਦੇਰ ਉਡੀਕ ਕੇ ਦੂਜੀ ਦਫਾ ਆਵਾਜ਼ ਦਿੰਦਾ ਹੈ । ਭਗਤ ਸਿੰਘ ਤੇ ਬੀ. ਕੇ. ਦੱਤ ਮੁਸਕਰਾਂਦੇ ਹੋਏ ਦਾਖਲ ਹੁੰਦੇ ਹਨ ।

ਜੱਜ : ਪਹਿਲਾ ਤੁਸੀ ਪੁਲੀਸ ਪਾਸ ਤੇ ਫੇਰ ਅਦਾਲਤ ਵਿਚ ਬਿਆਨ ਦੇਣ ਤੋਂ ਸਾਫ ਇਨਕਾਰ ਕੀਤਾ । ਤੁਹਾਡੇ ਖਿਲਾਫ ਸਭ ਗੁਆਹੀਆਂ ਭੁਗਤ ਚੁੱਕੀਆਂ ਹਨ, ਮਾਲੂਮ ਹੈ ?

ਭਗਤ ਸਿੰਘ : ਪੂਰੇ ਹੋਸ਼ ਹਵਾਸ ਨਾਲ ਸਭ ਕੁਝ ਦੇਖਿਆ ਤੇ ਸੁਣਿਆ ਹੈ ।

ਜੱਜ : ਤੁਹਾਡੇ ਬਰਖਿਲਾਫ ਤਾਜ਼ੀਰਾਤ ਹਿੰਦ ਦੀ ਦਫਾ 307 ਔਰ ਵਿਸਫੋਟਕ ਪਦਾਰਥ ਐਕਟ ਦੀ ਦਫਾ 3 ਅਧੀਨ ਦੋਸ਼ ਲੱਗਾ ਹੋਇਆ ਹੈ । ਆਖਰੀ ਮੌਕਾ ਦਿੱਤਾ ਜਾਂਦਾ ਹੈ, ਕਿਆ ਤੁਸੀਂ ਆਪਣੀ ਸਫਾਈ ਵਿਚ ਕੁਛ ਕਹਿਣਾ ਚਾਹੁੰਦੇ ਹੋ ?

ਭਗਤ : ਹਾਂ ।

ਇਕ ਦਮ ਕਚਹਿਰੀ ਵਿਚ ਸਨਾਟਾ ਛਾ ਜਾਂਦਾ ਹੈ ।

ਜੱਜ : ਠੀਕ ਹੈ । (ਰੀਡਰ ਨੂੰ) ਬਿਆਨ ਕਲਮ ਬੰਦ ਕਰੋ । ਬੋਲੋ ।

ਭਗਤ : ਮਾਈ ਲਾਰਡ, ਸਾਡੇ ਮੁਕੱਦਮੇ ਦੇ ਤੱਥ ਬਿਲਕੁਲ ਸਾਦਾ ਹਨ । 8 ਅਪ੍ਰੈਲ 1929 ਨੂੰ ਅਸੀਂ ਸੈਂਟਰਲ ਅਸੈਂਬਲੀ ਵਿਚ ਦੋ ਬੰਬ ਸੁੱਟੇ ।

ਧਮਾਕੇ ਨਾਲ ਚੰਦ ਮੈਂਬਰਾਂ ਨੂੰ ਮਾਮੂਲੀ ਝਰੀਟਾਂ ਆਈਆਂ। ਚੈਂਬਰ ਵਿਚ ਹੰਗਾਮਾ ਹੋਇਆ। ਸੈਂਕੜੇ ਮੈਂਬਰ ਤੇ ਦਰਸ਼ਕ ਡਰਦੇ ਬਾਹਰ ਭਜ ਗਏ, ਮੈਂ ਤੇ ਬੀ. ਕੇ. ਦੱਤ ਗੈਲਰੀ ਵਿਚ ਖੜੇ ਨਾਅਰੇ ਮਾਰਦੇ ਰਹੇ। ਉਸ ਪਿਛੋਂ ਅਸੀਂ ਬਿਨਾਂ ਹੀਲ ਹੁੱਜਤ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ। ਜਨਾਬ ਨੇ ਖੁਦ ਸਵੀਕਾਰ ਕੀਤਾ ਹੈ, ਜੇਕਰ ਅਸੀਂ ਭਜਣਾ ਚਾਹੁੰਦੇ ਤਾਂ ਬੜੀ ਆਸਾਨੀ ਨਾਲ ਖਿਸਕ ਸਕਦੇ ਸੀ। ਸਾਡੀ ਬੇਨਤੀ ਹੈ ਕਿ ਬੰਬ ਸੁੱਟਣ ਦਾ ਸਾਡਾ ਮਕਸਦ ਸਮਝਿਆ ਜਾਵੇ।

ਜੱਜ : ਕਿਆ ਸੀ ਤੁਹਾਡਾ ਮਕਸਦ ?

ਭਗਤ : ਸਾਡਾ ਸਪਸ਼ਟ ਮਕਸਦ ਸੀ ਬੋਲ਼ੇ ਕੰਨਾ ਤਕ ਗਲ ਪਹੁੰਚਾਣਾ ਤੇ ਭਾਰਤੀ ਜਨਤਾ ਨੂੰ ਗੁਲਾਮੀ ਦੀ ਗੂੜ੍ਹੀ ਨੀਂਦ ਤੋਂ ਜਗਾਉਣਾ। ਸੰਖੇਪ ਵਿਚ ਅਸੀਂ ਬੇਬਸ ਭਾਰਤੀ ਲੋਕਾਂ ਵਲੋਂ ਰੋਸ ਪ੍ਰਗਟ ਕੀਤਾ।

ਜੱਜ ; ਮਗਰ ਤੁਸੀਂ ਸਖਤ ਹਿੰਸਕ ਢੰਗ ਵਰਤਿਆ।

ਭਗਤ : ਮਾਈ ਲਾਰਡ, ਸਾਡੇ ਲਈ ਹੋਰ ਕੋਈ ਚਾਰਾ ਨਹੀਂ ਸੀ। ਅਸੀਂ ਬਦੇਸ਼ੀ ਸਰਕਾਰ ਨੂੰ ਦੇਸਣਾ ਚਾਹੁੰਦੇ ਸੀ, ਉਪਰੋਂ ਦਿਸਦੇ ਸ਼ਾਂਤ ਸਮੁੰਦਰ ਹੇਠ ਭਿਆਨਕ ਤੂਫਾਨ ਉੱਠਣ ਵਾਲਾ ਹੈ। ਅਸੀਂ ਉਸ ਖਤਰੇ ਤੋਂ ਖਬਰਦਾਰ ਕਰਨ ਲਈ ਇਹ ਕਦਮ ਪੁਟਿਆ।

ਜੱਜ : ਇਹ ਗੈਰ ਕਾਨੂੰਨੀ ਕਾਰਵਾਈ ਸੀ।

ਭਗਤ : ਮਾਈ ਲਾਰਡ, ਕਾਨੂੰਨ ਆਦਮੀ ਲਈ ਹੁੰਦਾ ਹੈ ਆਦਮੀ ਕਾਨੂੰਨ ਲਈ ਨਹੀਂ। ਕਾਨੂੰਨ ਨੂੰ ਮਰੋੜ ਤਰੋੜ ਕੇ ਲਾਗੂ ਕਰਨਾ ਅੰਗ੍ਰੇਜ਼ੀ ਸਰਕਾਰ ਦਾ ਕਰਤਵ ਹੈ। ਜਨਰਲ ਡਾਇਰ ਦੀ ਮਿਸਾਲ ਹੀ ਲਓ। ਉਸ ਨੇ ਜਲ੍ਹਿਆਂ ਵਾਲੇ ਬਾਗ ਵਿਚ ਬੇਤਹਾਸ਼ਾ ਗੋਲੀ ਚਲਾਈ, ਸੈਂਕੜੇ ਨਿਰਦੋਸ਼ ਨਿਹੱਥੇ ਲੋਕ ਮਾਰੇ ਗਏ। ਫੌਜੀ ਅਦਾਲਤ ਨੇ ਉਸ ਨੂੰ ਗੋਲੀ ਦਾ ਨਿਸ਼ਾਨਾ ਬਣਾਉਣ ਦੀ ਥਾਂ ਸਤਕਾਰ ਤੇ ਇਨਾਮ ਦਿੱਤਾ। ਪਤਾ ਹੈ ਕਿਉਂ ? ਕਿਉਂਕਿ ਉਸ ਦਾ ਮਕਸਦ ਨੇਕ ਸਮਝਿਆ ਗਿਆ।

ਕਚਹਿਰੀ ਵਿਚ ਉੱਚੀ ਹਾਸਾ।

ਜੱਜ : (ਗੁੱਸੇ ਨਾਲ ਮੇਜ਼ ਤੇ ਹਥ ਮਾਰਕੇ) ਆਰਡਰ ! ਆਰਡਰ !!

ਭਗਤ : ਮਾਈ ਲਾਰਡ, ਕਲਕੱਤਾ ਹਾਈ ਕੋਰਟ ਦਾ ਇਕ ਫੈਸਲਾ ਉਦਾਹਰਣ ਵਜੋਂ ਪੇਸ਼ ਕਰਦਾ ਹਾਂ। ਖੜਗ ਬਹਾਦਰ ਸਿੰਘ ਗੋਰਖਾ ਨੇ ਇਕ ਅਮੀਰ ਮਾਰਵਾੜੀ ਨੂੰ ਸ਼ਰੇ ਆਮ ਕਤਲ ਕੀਤਾ, ਉਚ ਅਦਾਲਤ ਨੇ



ਉਸ ਨੂੰ ਬਾਇੱਜ਼ਤ ਬਰੀ ਕੀਤਾ, ਕਿਉਂਕਿ ਉਸ ਦਾ ਉਦੇਸ਼ ਨੇਕ ਖਿਆਲ ਕੀਤਾ ਗਿਆ। (ਹਵਾਲਾ ਕੇਸ ਜੱਜ ਨੂੰ ਪੇਸ਼ ਕਰਦਾ ਹੋਇਆ) ਉਸ ਨੇ ਸਮਾਜ ਨੂੰ ਇਕ ਭ੍ਰਿਸ਼ਟ ਜੋਕ ਤੋਂ ਮੁਕਤ ਕੀਤਾ ਸੀ ਜੋ ਸੈਂਕੜੇ ਸੁੰਦਰ ਲੜਕੀਆਂ ਦੀ ਪੱਤ ਲੁਟ ਕੇ ਮਾਰ ਚੁੱਕਾ ਸੀ।

ਜੱਜ : ਹੂੰ ! ਬਿਆਨ ਜਾਰੀ ਰਖੋ।

ਭਗਤ : ਮਾਈ ਲਾਰਡ, ਸਾਡੀ ਅਰਜ਼ ਹੈ, ਸਾਡੇ ਮਕਸਦ ਨੂੰ ਠੀਕ ਤਰ੍ਹਾਂ ਸਮਝਿਆ ਜਾਏ। ਆਟੇ ਵਿਚ ਸੰਖੀਆ ਮਿਲਾਉਣਾ ਜਾਇਜ਼ ਵੀ ਹੈ ਤੇ ਨਾਜਾਇਜ਼ ਵੀ। ਚੂਹਿਆਂ ਨੂੰ ਮਾਰਨ ਲਈ ਸੰਖੀਆ ਦੇਣਾ ਜਾਇਜ਼ ਹੈ ਮਗਰ ਇਨਸਾਨ ਨੂੰ ਦੇਣਾ ਜੁਰਮ। (ਰੁਕ ਕੇ) ਪਾਣੀ ਚਾਹੀਦਾ ਹੈ।

ਜੱਜ : ਫੌਰਨ ਪਾਣੀ ਦਾ ਗਿਲਾਸ ਦਿੱਤਾ ਜਾਵੇ।

ਭਗਤ : (ਗਿਲਾਸ ਵਿਚੋਂ ਦੋ ਚਾਰ ਘੁਟ ਭਰਕੇ ਬੜੇ ਧੀਰਜ ਨਾਲ ਫੇਰ ਸ਼ੁਰੂ ਕਰਦਾ ਹੈ) ਮਾਈ ਲਾਰਡ, ਸਾਡਾ ਨਿਸਚਾ ਹੈ, ਕਿਸੇ ਵਿਧਾਇਕ ਕਾਰਜ ਦੀ ਪੂਰਤੀ ਲਈ ਵਰਤੀ ਗਈ ਸ਼ਕਤੀ ਇਖਲਾਕੀ ਤੌਰ ਤੇ ਜਾਇਜ਼ ਹੈ। ਸ਼ਕਤੀ ਨ ਹੋਣ ਦਾ ਵਿਚਾਰ ਇਕ ਵਹਿਮ ਹੈ। ਦੇਸ਼ ਭਰ ਵਿਚ ਜਿਹੜੀ ਕਰਾਂਤੀ ਦੀ ਲਹਿਰ ਉਭਰ ਰਹੀ ਹੈ, ਜਿਸ ਦੀ ਚਿਤਾਵਨੀ ਅਸੀਂ ਬੰਬਾਂ ਰਾਹੀਂ ਦਿੱਤੀ ਹੈ, ਉਹ ਗੁਰੂ ਗੋਬਿੰਦ ਸਿੰਘ, ਸ਼ਿਵਾ ਜੀ, ਕਮਾਲ ਪਾਸ਼ਾ, ਰਜ਼ਾ ਖਾਨ, ਵਾਸ਼ਿੰਗਟਨ, ਗੈਰੀ ਬਾਲਡੀ ਅੋਰ ਸਾਥੀ ਲੈਨਿਨ ਵਲੋਂ ਦਰਸਾਏ ਆਦਰਸ਼ਾਂ ਤੋਂ ਪ੍ਰਭਾਵਤ ਹੈ।

ਜੱਜ : ਤੁਹਾਡੀ ਹਿੰਸਕ ਹਰਕਤ ਨਾਲ ਕੁਝ ਮੈਂਬਰ ਫੱਟੜ ਹੋਏ, ਮੰਨਦੇ ਹੋ ?

ਭਗਤ : ਮਾਈ ਲਾਰਡ, ਸਾਡਾ ਉਨ੍ਹਾਂ ਮੈਂਬਰਾਂ ਨਾਲ ਕੋਈ ਵੈਰ ਵਿਰੋਧ ਨਹੀਂ ਸੀ ਜਿਨ੍ਹਾਂ ਨੂੰ ਸੱਟਾਂ ਲੱਗੀਆਂ। ਅਸੀਂ ਮਨੁੱਖੀ ਜੀਵਨ ਨੂੰ ਪਵਿੱਤਰ ਸਮਝਦੇ ਹਾਂ। ਦੁਖੀ ਤੇ ਗੁਲਾਮ ਲੋਕਾਂ ਲਈ ਆਪਣੀਆਂ ਜਾਨਾ ਕੁਰਬਾਨ ਕਰਨ ਲਈ ਤਿਆਰ ਹਾਂ। ਹਿੰਦੁਸਤਾਨੀ ਰੀਪਬਲੀਕਨ ਐਸੋਸੀਏਸ਼ਨ ਦੇ ਦ੍ਰਿੜ੍ਹ ਵਿਚਾਰ ਅਨੁਸਾਰ ਭਾਰਤ ਦੀਆਂ ਕੁਲ ਵਰਤਮਾਨ ਸਮੱਸਿਆਵਾਂ ਦਾ ਇਕੋ ਇਕ ਹਲ ਹੈ।

ਜੱਜ : ਉਹ ਕਿਆ ਹੈ ?

ਭਗਤ : ਇਨਕਲਾਬ।

ਜੱਜ : ਇਨਕਲਾਬ ਤੋਂ ਤੇਰਾ ਕਿਆ ਮਤਲਬ ਹੈ ?

ਭਗਤ : ਇਨਕਲਾਬ ਤੋਂ ਸਾਡਾ ਉਦੇਸ਼ ਉਹ ਨਹੀਂ ਜੋ ਆਮ ਤੌਰ ਤੇ ਗਲਤ

ਭਗਤ ਸਿੰਘ : ਸਾਥੀਓ, ਮੈਂ ਤੁਹਾਨੂੰ ਇਕ ਖਾਸ ਮਕਸਦ ਲਈ ਕੱਠੇ ਕੀਤਾ ਹੈ। ਜੇ ਅਸੀਂ ਬਾਹਰ ਹੁੰਦੇ ਤਾਂ ਸ਼ਾਇਦ ਹੁਣ ਤਕ ਅਜ਼ਾਦੀ ਦੇ ਘੋਲ ਵਿਚ ਮਰ ਮੁਕ ਚੁੱਕੇ ਹੁੰਦੇ। ਹੁਣ ਅਸੀਂ ਸਾਰੇ ਸਿਆਸੀ ਕੈਦੀ ਹਾਂ। ਇਹ ਘਾਤਕ ਬੰਦੀਖਾਨਾ ਫਰੰਗੀ ਸਰਕਾਰ ਦਾ ਹੈ। ਦੇਸ ਭਗਤਾਂ ਨੂੰ ਸਰੀਰਕ ਤੇ ਮਾਨਸਿਕ ਤੌਰ ਤੇ ਨਿਕਾਰਾ ਕਰਨ ਵਾਸਤੇ।

ਇਕ ਬਾਬਾ : ਇਥੇ ਮਨੁੱਖਾਂ ਨਾਲ ਗੈਰ-ਮਨੁੱਖੀ ਵਰਤਾਰਾ ਹੁੰਦਾ ਏ।

ਭਗਤ : ਠੀਕ ਹੈ, ਇਥੇ ਕੈਦੀਆਂ ਨੂੰ ਇਨਸਾਨ ਵੀ ਖਿਆਲ ਨਹੀਂ ਕੀਤਾ ਜਾਂਦਾ।

ਬਾਬਾ : ਸਾਡਾ ਦੋਸ਼ ਇਹੋ ਹੈ ਕਿ ਅਸੀਂ ਦੇਸ ਨੂੰ ਦਿਲੋਂ ਪਿਆਰ ਕਰਦੇ ਆਂ।

ਭਗਤ : ਬਜ਼ੁਰਗੋ, ਤੁਹਾਡਾ ਦੋਸ਼ ਇਹ ਹੈ, ਤੁਸੀਂ ਗੁਲਾਮੀ ਤੇ ਜ਼ਲਾਲਤ ਨੂੰ ਸਵੀਕਾਰ ਕਰੀ ਬੈਠੇ ਓ।

ਬਾਬਾ : (ਜੋਸ਼ ਨਾਲ) ਹਰਗਿਜ਼ ਨਹੀਂ! ਅਪਣੀਆਂ ਜਾਨਾਂ ਦੀ ਬਾਜੀ ਗੁਲਾਮੀ ਦੀਆਂ ਜੰਜ਼ੀਰਾਂ ਕਟਣ ਲਈ ਲਾਈ ਹੈ। ਅਸੀਂ ਅਮਰੀਕਾ ਵਿਚ ਭਾਰਤ ਦੀ ਅਜ਼ਾਦੀ ਦਾ ਝੰਡਾ ਬੁਲੰਦ ਕੀਤਾ।

ਭਗਤ : ਸਾਥੀਓ, ਧਿਆਨ ਕਰੋ, ਗਦਰ ਪਾਰਟ ਦੇ ਇਹ ਬਜ਼ੁਰਗ ਬਾਬਾ ਜੀ ਚੌਦਾਂ ਪੰਦਰਾਂ ਸਾਲਾਂ ਤੋਂ ਜੇਲ੍ਹਾਂ ਅੰਦਰ ਗਲ ਸੜ ਰਹੇ ਨੇ। ਇਸ ਜ਼ੋਰ ਜ਼ੁਲਮ ਵਿਰੁਧ ਦੇਸ ਭਰ ਵਿਚ ਹੈ ਕੋਈ ਆਵਾਜ਼?

ਬਹੁਤ ਸਾਰੇ : ਨਹੀਂ, ਨਹੀਂ, ਲੋਕੀ ਇਨ੍ਹਾਂ ਦੀ ਕੁਰਬਾਨੀ ਨੂੰ ਭੁਲ ਗਏ ਨੇ।

ਭਗਤ : ਓਹ ਬਬਰ ਅਕਾਲੀ ਸੂਰਮੇ ਬੈਠੇ ਨੇ, ਪਤਾ ਇਨ੍ਹਾਂ ਦਾ ਕਿਆ ਕਸੂਰ ਏ?

ਬਬਰ ਅਕਾਲੀ : ਅਸੀਂ ਗੱਦਾਰਾਂ ਤੇ ਝੋਲੀ ਚੁੱਕਾਂ ਨੂੰ ਸਿੱਧੇ ਰਾਹ ਪਾਉਣ ਦਾ ਬੀੜਾ ਚੁਕਿਆ ਸੀ।

ਭਗਤ : ਕੀ ਇਹ ਕਾਮੇ ਤੇ ਯੋਧੇ ਜਾਇਦਾਦਾਂ ਜਾਂ ਧੰਨ ਦੌਲਤ ਖ਼ਾਤਰ ਰਣ ਵਿਚ ਜੂਝੇ ਸਨ?

ਬਹੁਤ ਸਾਰੇ : ਨਹੀਂ, ਨਹੀਂ!

ਭਗਤ : ਇਨ੍ਹਾਂ ਤੋਂ ਬਿਨਾਂ ਮਾਰਸ਼ਲ ਲਾਅ ਵਿਰੁੱਧ ਬਗਾਵਤ ਕਰਨ ਵਾਲੇ ਤੇ ਲਾਲਾ ਲਾਜਪਤ ਰਾਏ ਦੀ ਮੌਤ ਤੇ ਰੋਸ ਪ੍ਰਗਟ ਕਰਨ ਵਾਲੇ ਔਹ ਦੇਸ



ਭਗਤ ਬੈਠੇ ਨੇ। ਬਾਹਰ ਬਹੁਤਿਆਂ ਨੂੰ ਇਨ੍ਹਾਂ ਦੀਆਂ ਕੁਰਬਾਨੀਆਂ ਦੀ ਭਿਣਕ ਤਕ ਨਹੀ।

ਗਦਰੀ ਬਾਬਾ : (ਉਠ ਕੇ ਡੂੰਘੇ ਜਜ਼ਬੇ ਨਾਲ) ਮੈਂ ਅਜੀਤ ਸਿੰਘ ਨਾਲ ਰਲ ਕੇ ਗਾਉਂਦਾ ਹੁੰਦਾ ਸੀ :—

ਪਗੜੀ ਸੰਭਾਲ ਓਇ ਜੱਟਾ, ਪਗੜੀ ਸੰਭਾਲ ਓਇ।
ਮਰਨੇ ਤੋਂ ਜੀਣਾ ਭੈੜਾ ਹੋ ਕੇ ਬੇਹਾਲ ਓਇ।

ਸਾਰੇ ਤਾਲੀਆਂ ਵਜਾਂਦੇ ਹਨ।

ਭਗਤ : ਬਹੁਤ ਖੂਬ, ਬਾਬਾ ਜੀ!

ਬਾਬਾ : ਬਹਾਦਰ ਬੱਚੇ, ਬੁੱਢੇ ਬਾਰੇ ਤੂੰ ਸਾਡੇ ਡੌਲੇ ਫਰਕਾ ਦਿੱਤੇ ਨੇ, ਤੂੰ ਮਹਾਨ ਆਗੂ ਹੈਂ। ਅਸੀਂ ਚੌਦਾਂ ਪੰਦਰਾਂ ਸਾਲਾਂ ਤੋਂ ਇਥੇ ਭਠ ਝੋਕਦੇ ਹਾਂ।

ਭਗਤ : ਬਜ਼ੁਰਗੋ, ਸੁਤੰਤਰਤਾ ਦੇ ਇਤਿਹਾਸ ਵਿਚ ਤੁਸੀਂ ਮੁਢਲਾ ਰੋਲ ਅਦਾ ਕੀਤਾ ਏ। ਤੁਹਾਡੀ ਕੁਰਬਾਨੀ ਕਿਸੇ ਤੋਂ ਘਟ ਨਹੀਂ। ਪਰ ਅਜ ਦੇਸ ਦੇ ਹਾਲਾਤ ਬਦਲ ਚੁੱਕੇ ਨੇ।

ਬਾਬਾ : ਵਲ ਵਲੇਵੇ ਨਾ ਪਾ, ਸਿੱਧੀ ਗਲ ਕਰ, ਤੂੰ ਸਾਥੋਂ ਕੀ ਚਾਹੁੰਦਾ ਏਂ?

ਭਗਤ : ਬਾਬਾ ਜੀ, ਮੇਰੇ ਕਹਿਣ ਦਾ ਭਾਵ ਇਹ ਹੈ, ਤੁਸੀਂ ਐਨੀਆਂ ਕੁਰਬਾ-ਨੀਆਂ ਕਰਕੇ ਹੁਣ ਬੇ-ਜ਼ਬਾਨ ਗਊਆਂ ਬਣੀ ਬੈਠੇ ਹੋ। ਫਰੰਗੀ ਸਮਝਦੇ ਨੇ, ਅਸੀਂ ਬਾਗੀਆਂ ਨੂੰ ਖੂੰਜੇ ਲਾ ਦਿੱਤਾ ਹੈ।

ਬਾਬਾ : ਸਾਨੂੰ ਰਾਹ ਦਿਖਾ ਅਸੀਂ ਹੁਣ ਵੀ ਇਨ੍ਹਾਂ ਦੀ ਨੀਂਦ ਹਰਾਮ ਕਰਨ ਨੂੰ ਤਿਆਰ ਆਂ।

ਭਗਤ : ਬਜ਼ੁਰਗੋ ਤੇ ਦੋਸਤੋ, ਤੁਸੀਂ ਇਖਲਾਕੀ ਕੈਦੀ ਨਹੀਂ ਹੋ, ਚੋਰੀਆਂ ਡਾਕੇ ਮਾਰ ਕੇ ਇਥੇ ਨਹੀਂ ਆਏ। ਤੁਸੀਂ ਸੁਤੰਤਰਤਾ ਦੇ ਘੁਲਾਟੀਏ ਹੋ। ਤੁਹਾਨੂੰ ਜੇਲ੍ਹਾਂ ਅੰਦਰ ਚੁਪ ਚਾਪ ਅਨਿਆਂ ਨਹੀਂ ਸਹਿਣਾ ਚਾਹੀਦਾ।

ਬਾਬਾ : (ਅੱਕ ਕੇ) ਹੋਰ ਜੇਲ੍ਹਰਾਂ ਦੇ ਸਿਰ ਭੰਨੀਏ।

ਭਗਤ : ਮੇਰਾ ਮਤਲਬ ਏ ਅਜ਼ਾਦੀ ਦੀ ਜੰਗ ਜੇਲ੍ਹਾਂ ਅੰਦਰ ਵੀ ਲੜ ਸਕਦੇ ਆਂ।

ਬਾਬਾ : ਬਰਖੁਰਦਾਰ, ਤੂੰ ਅਪਣਾ ਪ੍ਰੋਗਰਾਮ ਦਸ, ਅਸੀਂ ਤੇਰੇ ਮਗਰ ਲਗਣ ਨੂੰ ਤਿਆਰ ਹਾਂ।

ਬਾਬਾ ਅਕਾਲੀ : ਘੁਲ-ਘੁਲ ਕੇ ਮਰਨ ਨਾਲੋਂ ਇਕੋ ਵਾਰ ਸ਼ੇਰਾਂ ਵਾਂਗ ਚੰਘਾੜ ਕੇ ਜਾਨ ਵਾਰਨ ਨੂੰ ਤਿਆਰ ਹਾਂ ।

ਭਗਤ : ਸ਼ਾਬਾਸ਼ ! ਤੁਹਾਡੀਆਂ ਰਗਾਂ ਵਿਚ ਕੁਰਬਾਨੀ ਦਾ ਖ਼ੂਨ ਕਾਇਮ ਹੈ. ਇਸ ਨੂੰ ਸਿਰਫ ਗਰਮਾਉਣ ਦੀ ਲੋੜ ਹੈ । ਅਸੀਂ ਭਾਰਤ ਦੀਆਂ ਕੁਲ ਜੇਲ੍ਹਾਂ ਵਿਚ ਸਿਆਸੀ ਕੈਦੀਆਂ ਵਲੋਂ ਭੁਖ ਹੜਤਾਲ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ ।

ਬਾਬਾ : ਫਿਕਰ ਨਾ ਕਰ; ਜੇਲ੍ਹਾਂ ਵਿਚੋਂ ਹੀ ਸਰਕਾਰ ਨੂੰ ਨਾਨੀ ਚੇਤੇ ਕਰਾ ਦਿਆਂਗੇ ।

ਬਬਰ ਅਕਾਲੀ : (ਜੋਸ਼ ਨਾਲ) ਭਗਤ ਸਿੰਘ ਜ਼ਿੰਦਾਬਾਦ !

ਭਗਤ : ਬਾਬਾ ਜੀ, ਇਹ ਨਾਅਰਾ ਗਲਤ ਏ । ਮੈਂ ਤਾਂ ਅਜ਼ਾਦੀ ਦੇ ਸੰਗਰਾਮ ਦਾ ਇਕ ਅਦਨਾ ਜਿਹਾ ਸੇਵਕ ਹਾਂ । ਮੇਰੇ ਮਗਰ ਨਾਅਰੇ ਲਾਓ ।

ਇਨਕਲਾਬ !

ਸਾਰੇ : ਜ਼ਿੰਦਾ ਬਾਦ !

ਭਗਤ : ਸਾਮਰਾਜ !

ਸਾਰੇ : ਮੁਰਦਾ ਬਾਦ !

ਬਾਬਾ : ਹੁਣ ਤੂੰ ਸਾਨੂੰ ਮੰਗਾਂ ਦਾ ਚਿੱਠਾ ਦਸ ।

ਭਗਤ : ਹੁਣੇ ਦਸਦਾ ਹਾਂ, ਜੋਸ਼ ਵਿਚ ਨਾ ਆਓ । ਸਾਡੀ ਟੱਕਰ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਸਾਮਰਾਜ ਨਾਲ ਹੈ, ਜੋ ਚਲਾਕੀ ਤੇ ਮੱਕਾਰੀ 'ਚ ਆਪਣਾ ਸਾਨੀ ਨਹੀਂ ਰਖਦਾ ।

ਬਾਬਾ : ਬਿਲਕੁਲ ਸਚ ਕਿਹਾ ।

ਭਗਤ : ਫਿਲਹਾਲ ਅਸੀਂ ਚਾਰ ਮੁੱਖ ਮੰਗਾਂ ਦਾ ਐਲਾਨ ਕਰਾਂਗੇ; ਪਹਿਲੀ ਮੰਗ ਹੈ : ਸਿਆਸੀ ਕੈਦੀਆਂ ਨਾਲ ਇਨਸਾਨਾਂ ਵਾਲਾ ਸਲੂਕ ਕੀਤਾ ਜਾਵੇ ।

ਬਾਬਾ : ਠੀਕ ਹੈ ।

ਭਗਤ : ਦੂਜੀ ਮੰਗ ਹੈ : ਉਨ੍ਹਾਂ ਨੂੰ ਚੰਗੀ ਖੁਰਾਕ ਦਿੱਤੀ ਜਾਵੇ । ਤੀਜੀ : ਸਿਆਸੀ ਕੈਦੀਆਂ ਤੋਂ ਮੁਸ਼ੱਕਤ ਨਾ ਲਈ ਜਾਵੇ ।

ਬਾਬਾ : ਚੱਕੀ ਪੀਹ ਪੀਹ ਮੇਰੇ ਤਾਂ ਹਟਣ ਪੱਕ ਗਏ ਨੇ ।



ਭਗਤ : ਚੌਥੀ ਮੰਗ ਹੈ : ਸਿਆਸੀ ਕੈਦੀਆਂ ਨੂੰ ਕਿਤਾਬਾਂ ਤੇ ਅਖ਼ਬਾਰਾਂ ਪੜ੍ਹਨ ਨੂੰ ਦਿੱਤੀਆਂ ਜਾਣ !

ਬਾਬਾ : ਇਹ ਤਾਂ ਅਸਲੋਂ ਜਾਇਜ਼ ਮੰਗਾਂ ਨੇ, ਅਸੀਂ ਰੋਜ਼ ਪਿਟਦੇ ਆਂ, ਪਰ ਸਾਡੀ ਕੋਈ ਸੁਣਦਾ ਨਹੀਂ ।

ਭਗਤ : ਕਿਉਂਕਿ ਤੁਸੀਂ ਅਜੇ ਤਕ ਜ਼ੋਰਦਾਰ ਜਥੇਬੰਦ ਆਵਾਜ਼ ਪੈਦਾ ਨਹੀਂ ਕੀਤੀ ।

ਦਾਸ : ਮਰਨ ਵਰਤ ਰਖ ਕੇ ਮੈਂ ਪਰਾਣਾਂ ਦੀ ਆਹੂਤੀ ਦੇਣ ਦਾ ਐਲਾਨ ਕਰਦਾ ਹਾਂ ।

ਭਗਤ : ਜਤਿੰਦਰ ਨਾਥ ਦਾਸ !

ਸਾਰੇ : ਜ਼ਿੰਦਾ ਬਾਦ !

ਭਗਤ : ਸਾਥੀਓ, ਚੰਗੀ ਤਰ੍ਹਾਂ ਜਾਣ ਲਓ, ਇਹ ਐਨਾ ਸੌਖਾ ਕੰਮ ਨਹੀਂ, ਜਿੰਨਾ ਤੁਸੀਂ ਸਮਝ ਰਹੇ ਓ । ਤੁਹਾਨੂੰ ਜਬਰੀ ਖੁਰਾਕ ਦਿੱਤੀ ਜਾਵੇਗੀ, ਧਮਕੀਆਂ ਦਿੱਤੀਆਂ ਜਾਣਗੀਆਂ । ਨਕਲੀ ਲੀਡਰਾਂ ਦੀਆਂ ਅਪੀਲਾਂ ਭੇਜੀਆਂ ਜਾਣਗੀਆਂ । ਧੋਖੇ ਵਿਚ ਨਾ ਆਉਣਾ ।

ਬਾਬਾ : ਤੂੰ ਸਾਡੀ ਅਗਵਾਈ ਜ਼ਰੂਰ ਕਰਦਾ ਰਹੀਂ ।

ਭਗਤ : ਜਿਹੜੇ ਲੰਮੀ ਲੜਾਈ ਤੇ ਅਸਹਿ ਕਸ਼ਟ ਸਹਿਣ ਲਈ ਤਿਆਰ ਨੇ ਉਹ ਹਥ ਖੜੇ ਕਰਨ ।

ਸਾਰੇ ਹਥ ਖੜੇ ਕਰਦੇ ਹਨ । ਕਈ ਦੋਵੇਂ ਹਥ ਉੱਚੇ ਕਰਦੇ ਹਨ ।

ਭਗਤ : ਸਿਆਸੀ ਕੈਦੀਆਂ ਦਾ ਸੰਗਠਨ !

ਸਾਰੇ : ਜ਼ਿੰਦਾ ਬਾਦ ।

ਭਗਤ : ਇਨਕਲਾਬ ।

ਸਾਰੇ : ਜ਼ਿੰਦਾਬਾਦ ।

ਭਗਤ : ਦੇਖੋ ਤੁਹਾਡੇ ਨਾਅਰਿਆਂ ਨਾਲ ਜੇਲ੍ਹ ਅਫਸਰਾਂ ਦੀਆਂ ਕੁਰਸੀਆਂ ਡੋਲ੍ਹ ਗਈਆਂ ਨੇ । ਉਹ ਨੱਸੇ ਆ ਰਹੇ ਨੇ । ਇਕ ਹਫਤੇ ਦਾ ਨੋਟਿਸ ਦੇ ਕੇ ਅਸੀਂ ਭੁਖ ਹੜਤਾਲ ਸ਼ੁਰੂ ਕਰਾਂਗੇ । ਆਪਣੇ ਹੱਕਾਂ ਲਈ ਹਰ ਹੀਲੇ ਡਟੇ ਰਹਿਣਾ ।

ਜੇਲ੍ਹ ਕਰਮਚਾਰੀ : ਜਨਾਬ, ਹਰਦਵਾਰ ਤੋਂ ਸਾਧੂਆਂ ਦਾ ਇਕ ਟੋਲਾ ਭਗਤ ਸਿੰਘ ਨਾਲ ਮੁਲਾਕਾਤ ਕਰਨ ਆਇਆ।

ਦਰੋਗਾ : ਸਾਧੂਆਂ ਦਾ ਜੇਲ੍ਹ ਅੰਦਰ ਕੀ ਕੰਮ !

ਕਰਮਚਾਰੀ : ਜਨਾਬ, ਵੱਡੇ ਤੋਂ ਵੱਡੇ ਮੁਲਕ ਦੇ ਲੀਡਰ ਸੁਭਾਸ਼ ਚੰਦਰ ਬੋਸ, ਜਵਾਹਰ ਲਾਲ ਨਹਿਰੂ ਮੁਲਾਕਾਤ ਲਈ ਆ ਚੁੱਕੇ ਨੇ। ਹਰ ਕੋਈ ਦਰਸ਼ਨ ਕਰਨ ਲਈ ਉਤਸੁਕ ਏ।

ਦਰੋਗਾ : ਸਾਧੂਆਂ ਨੂੰ ਕਿਸ ਨੇ ਇਜਾਜ਼ਤ ਦਿੱਤੀ ਏ ?

ਕਰਮਚਾਰੀ : ਉਪਰੋਂ ਆਗਿਆ ਲੈ ਕੇ ਆਏ ਨੇ।

ਦਰੋਗਾ : ਉਨ੍ਹਾਂ ਵਿਚੋਂ ਸਿਰਫ ਇਕ ਸਿਰਕਢ ਸਾਧੂ ਨੂੰ ਭੇਜਿਆ ਜਾਵੇ।

ਕਰਮਚਾਰੀ : ਜਨਾਬ, ਉਹ ਆਪੇ ਤੁਰਿਆ ਆਉਂਦਾ।

ਦਰੋਗਾ : ਹੈ ਇਨ੍ਹਾਂ ਸਾਧੂਆਂ ਨੂੰ ਕੋਈ ਡਰ ਭਉ।

ਦਰੋਗਾ ਇਕ ਪਾਸੇ ਨੂੰ ਚਲਾ ਜਾਂਦਾ ਹੈ। ਸਾਧੂ ਭਗਤ ਸਿੰਘ ਪਾਸ ਜਾਂਦਾ ਹੈ।

ਭਗਤ : (ਉਸਦੇ ਪੈਰੀਂ ਹੱਥ ਲਾ ਕੇ) ਪਰਨਾਮ ਕਰਦਾ ਹਾਂ ਮਹਾਂ ਪੁਰਸ਼।

ਸਾਧੂ : ਜੈ ਹੋ। ਵੀਰ ਪੁਰਸ਼, ਸਾਰਾ ਭਾਰਤ ਤੇਰਾ ਜਸ ਗਾ ਰਿਹਾ ਹੈ। ਸੂਰਜ ਚੰਨ ਵਾਂਗ ਅਕਾਸ਼ ਤੇ ਚਮਕੇਂਗਾ।

ਭਗਤ : ਮਹਾਤਮਾ ਜੀ, ਤੁਸੀਂ ਬਹੁਤ ਕਸ਼ਟ ਕੀਤਾ। (ਆਲਾ ਦੁਆਲਾ ਦੇਖਕੇ) ਬਾਹਰ ਤਾਂ ਸੁਖ ਸਾਂਦ ਹੈ ?

ਸਾਧੂ : ਠੀਕ ਤਰ੍ਹਾਂ ਚਲ ਰਿਹਾ। ਪਾਰਟੀ ਨੇ ਤੈਨੂੰ ਛੁਡਾਉਣ ਦਾ ਫੈਸਲਾ ਕੀਤਾ ਏ। ਸਕੀਮ ਤਿਆਰ ਹੈ।

ਭਗਤ : (ਮੁਸਕਰਾਂਦਾ ਹੋਇਆ) ਹੁਣ ਕਿਸ ਤਰ੍ਹਾਂ ਸੰਭਵ ਹੋ ਸਕਦਾ।

ਸਾਧੂ : ਅਸੰਭਵ ਨੂੰ ਸੰਭਵ ਬਨਾਉਣਾ ਕਰਾਂਤੀਕਾਰੀਆਂ ਦਾ ਕੰਮ ਹੈ। ਸਪੈਸ਼ਲ ਟ੍ਰਿਬਿਊਨਲ ਦਾ ਐਲਾਨ ਹੋ ਚੁੱਕਾ, ਜਦੋਂ ਤੁਹਾਨੂੰ ਅਦਾਲਤ ਵਿਚ ਲਜਾਣਗੇ, ਅਸੀਂ ਧਮਾਕਾ ਕਰਾਂਗੇ।

ਭਗਤ : ਗੁਰੂ ਦੇਵ, ਇਸ ਨਾਲ ਪਾਰਟੀ ਕਲੰਕਤ ਹੋ ਜਾਵੇਗੀ। ਜਿਹੜੀ ਸਰਗਰਮੀ ਇਸ ਵਕਤ ਮੁਲਕ ਅੰਦਰ ਪੈਦਾ ਹੋ ਚੁੱਕੀ ਹੈ, ਉਸ ਤੋਂ ਪਿਛੇ ਹਟਣਾ ਕਾਇਰਤਾ ਤੇ ਗੱਦਾਰੀ ਹੈ। ਸਾਡਾ ਮਕਸਦ ਪੂਰੀ ਤਰ੍ਹਾਂ ਹਲ ਹੋ ਰਿਹਾ। ਅਸੀਂ ਹਰਗਿਜ਼ ਜਾਨ ਬਚਾਉਣਾ ਨਹੀਂ ਚਾਹੁੰਦੇ।



ਸਾਧੂ : (ਦਰੋਗੇ ਨੂੰ ਨੇੜੇ ਆਉਂਦਾ ਦੇਖਕੇ) ਸੁਖੀ ਰਹੋ, ਸਾਧੂਉਂ ਕਾ ਅਸ਼ੀਰਵਾਦ ਲੋ। ਸਾਰੇ ਭਾਰਤ ਵਿਚ ਤੁਹਾਡੀ ਕਰਨੀ ਦਾ ਡੰਕਾ ਵਜ ਰਿਹਾ ਹੈ। ਜੈ ਹੋ !

——

## ਛੇਵੀਂ ਝਾਕੀ

ਸਥਾਨ : ਸੈਂਟਰਲ ਜੇਲ ਲਾਹੌਰ।

ਇਕ ਲੰਮੀ ਬੈਰਕ ਵਿਚ ਸਪੈਸ਼ਲ ਟ੍ਰਿਬਿਊਨਲ ਦੀ ਅਦਾਲਤ। ਦਰਸ਼ਕਾਂ ਦੇ ਆਣ ਜਾਣ ਲਈ ਇਕ ਖਿੜਕੀ ਹੈ।

ਉਚੀ ਥਾਂ ਤੇ ਸ਼ਾਹੀ ਕੁਰਸੀਆਂ ਉਤੇ ਤਿੰਨ ਜੱਜ ਆਕੇ ਬੈਠਦੇ ਹਨ। ਵਿਚਕਾਰ ਮੁਖੀ ਜੱਜ ਕੋਲਡ ਸਟਰੀਮ, ਸੱਜੇ ਪਾਸੇ ਜਸਟਿਸ ਆਗਾ ਹੈਦਰ ਅਤੇ ਖੱਬੇ ਹੱਥ ਜਸਟਿਸ ਹਿਲਟਨ। ਹੇਠ ਕਰਕੇ ਸਰਕਾਰੀ ਵਕੀਲ, ਡੀਫੈਂਸ ਕੋਂਸਲ ਦੇ ਮੈਂਬਰ ਅਤੇ ਹੋਰ ਅਧਿਕਾਰੀ ਬੈਠੇ ਹਨ।

ਸਟਰੀਮ : ਮੁਜਰਮ ਕਿਉਂ ਹਾਜ਼ਿਰ ਨਹੀਂ ਹੋਏ ?

ਰੀਡਰ : ਹਜ਼ੂਰ, ਦੋ ਦਫਾ ਆਵਾਜ਼ ਦਿੱਤੀ ਜਾ ਚੁੱਕੀ ਹੈ। ਬਾਹਰ ਖੜੇ ਗੱਪਾਂ ਮਾਰਦੇ ਨੇ।

ਸਟਰੀਮ : ਤੀਸਰੀ ਔਰ ਆਖਰੀ ਦਫ਼ਾ ਆਵਾਜ਼ ਦੋ।

ਅਰਦਲੀ : ਮੁਸੱਮੀਂ ਭਗਤ ਸਿੰਘ, ਬੀ. ਕੇ. ਦੱਤ, ਰਾਜਗੁਰੂ, ਸੁਖਦੇਵ, ਕਪੂਰ, ਆਸਿਆਰਾਮ, ਮਹਾਂਵੀਰ ਸਿੰਘ, ਕਮਲ ਨਾਥ ਤਿਵਾੜੀ, ਕਿਸ਼ੋਰੀ ਲਾਲ, ਸ਼ਿਵ ਵਰਮਾ, ਗਿਆ ਪ੍ਰਸ਼ਾਦ, ਸੁਰਿੰਦਰ ਪਾਂਡੇ, ਅਜੈਘੋਸ਼, ਕੰਵਲ ਲਾਲ, ਦੇਸ ਰਾਜ ਔਰ ਪ੍ਰੇਮਦੱਤ ਹਾਜ਼ਰ ਹੋਂ।

ਜਿਵੇਂ ਇਕ ਤਕੜਾ ਭਲਵਾਨ ਅਖਾੜੇ ਵਿਚ ਦਾਖਲ ਹੁੰਦਾ ਹੈ, ਇਸੇ ਤਰ੍ਹਾਂ ਹਥਕੜੀਆਂ ਤੇ ਬੇੜੀਆਂ ਵਿਚ

ਜਕੜੇ ਹੋਏ ਦੇਸ਼ ਭਗਤ ਕੈਦੀ, ਬੇ ਖੌਫ ਗੀਤ ਗਾਉਂਦੇ ਪ੍ਰਵੇਸ਼ ਕਰਦੇ ਹਨ। ਭਗਤ ਸਿੰਘ ਸਭ ਤੋਂ ਅੱਗੇ ਹੈ, ਉਸ ਦੇ ਚਿਹਰੇ ਤੇ ਅਪਾਰ ਮਸਤੀ ਹੈ, ਸਾਰੇ ਰਲਕੇ ਗਾਂਦੇ ਹਨ :

ਵਤਨ ਦੀ ਆਬਰੂ ਦਾ ਦਮ ਦੇਖੋਂ ਕੌਣ ਭਰਦਾ ਹੈ।
ਸੁਨਾ ਹੈ ਆਜ ਮਕਤਬ ਵਿਚ ਅਸਾਡਾ ਇਮਤਿਹਾਂ ਹੋਗਾ।

ਦਿਲਾਹੀ ਉਹ ਵੀ ਦਿਨ ਹੋਗਾ ਜਦੋਂ ਅਪਣਾ ਰਾਜ ਦੇਖੇਂਗੇ।

ਜਦੋਂ ਅਪਣੀ ਜ਼ਮੀਨ ਹੋਗੀ, ਅਪਣਾ ਹੀ ਆਸਮਾਂ ਹੋਗਾ।

ਸਟਰੀਮ : ਇਹ ਸਪੈਸ਼ਲ ਅਦਾਲਤ ਹੈ, ਸ਼ਾਲਾਮਾਰ ਬਾਗ਼ ਨਹੀਂ।

ਭਗਤ ਸਿੰਘ ਤੇ ਉਸ ਦੇ ਸਾਥੀ ਉੱਚੀ ਉੱਚੀ ਹਸਦੇ ਹਨ ਅਤੇ ਨਾਅਰੇ ਲਾਂਦੇ ਹਨ।

ਸਟਰੀਮ : ਆਰਡਰ ! ਆਰਡਰ !! ਨਾਹਰੇ ਬੰਦ ਕਰੋ।

ਸਾਰੇ ਰਲਕੇ : ਆਪਣੀ ਕਿਸਮਤ ਵਿਚ ਅਜ਼ਲ ਤੋਂ ਸਿਤਮ ਰੱਖਾਂ ਥਾ,

ਕਿਸ ਕੋ ਪਰਵਾਹ ਹੈ, ਔਰ ਕਿਸ ਵਿਚ ਇਹ ਦਮ ਰੱਖਾ ਥਾ।

ਸਟਰੀਮ : (ਗੁੱਸੇ ਨਾਲ) ਪੁਲੀਸ, ਜ਼ਬਾਨ ਬੰਦ ਕਰਾਉ, ਇਹ ਅਦਾਲਤ ਦੀ ਤੌਹੀਨ ਹੈ !

ਭਗਤ ਸਿੰਘ : ਮਿਸਟਰ ਜਸਟਿਸ, ਹੱਕ ਦੀ ਆਵਾਜ਼ ਨਾ ਹਰਨਾਕਸ਼ ਬੰਦ ਕਰ ਸਕਿਆ ਹੈ, ਨਾ ਹੀ ਤੇਰਾ ਡਾਇਰ।

ਸਟਰੀਮ : ਪੁਲੀਸ !

ਪਠਾਣੀ ਪੁਲੀਸ ਡੰਡਿਆਂ, ਮੁੱਕਿਆਂ, ਤੇ ਲੱਤਾਂ ਨਾਲ ਕੈਦੀਆਂ ਦੀ ਕੁਟਾਈ ਕਰਦੀ ਹੈ।

ਆਗਾ ਹੈਦਰ, (ਕੁਰਸੀ ਤੋਂ ਉਠ ਕੇ) ਮਾਈ ਲਾਰਡ; ਮੈਨੂੰ ਬਾਹਰ ਜਾਣ ਦੀ ਇਜਾਜ਼ਿਤ ਦਿੱਤੀ ਜਾਵੇ।

ਸਟਰੀਮ : ਜਸਟਿਸ ਆਗਾ ਹੈਦਰ, ਕਿਆ ਬਾਤ ਹੈ ?



ਆਗਾ ਹੈਦਰ : ਮੈਂ ਇਹ ਜ਼ਿਆਦਤੀ ਨਹੀਂ ਦੇਖ ਸਕਦਾ।

ਸਟਰੀਮ : ਜਸਟਿਸ ਆਗਾ ਹੈਦਰ, ਮੈਂ ਅਰਜ਼ ਕਰਦਾ ਹਾਂ, ਆਪ ਬੈਠ ਜਾਈਏ।

ਆਗਾ ਹੈਦਰ ਮੂੰਹ ਮੋਹਰੇ ਅਖਬਾਰ ਕਰਕ ਬੈਠ ਜਾਂਦਾ ਹੈ।

ਸਟਰੀਮ : ਜਸਟਿਸ ਆਗਾ ਹੈਦਰ, ਆਪ ਕਿਆ ਕਰ ਰਹੇ ਹੋ ?

ਆਗਾ ਹੈਦਰ : ਅੱਲਾ ਤਾਲਾ ਨੂੰ ਘੱਟੋ ਘੱਟ ਮੈਂ ਇਹ ਤਾਂ ਕਹਿ ਸਕਾਂਗਾ ਕਿ ਸਿਆਸੀ ਕੈਦੀਆਂ ਨਾਲ ਜ਼ਿਆਦਤੀ ਤੇ ਜ਼ੁਲਮ ਤਾਂ ਹੋਇਆ ਸੀ ਮਗਰ ਮੈਂ ਆਪਣੀਆਂ ਅੱਖਾਂ ਨਾਲ ਨਹੀਂ ਦੇਖਿਆ।

ਸਟਰੀਮ : ਆਰਡਰ, ਮਾਰ ਕੁਟਾਈ ਫੌਰਨ ਬੰਦ ਕਰੋ। ਅਸੀਂ ਅਦਾਲਤ ਦੀ ਦੁਵਾਰਾ ਕਾਰਵਾਈ ਸ਼ੁਰੂ ਕਰਨ ਲੱਗੇ ਹਾਂ, ਕਿਆ ਤੁਸੀ ਕੋਆਪਰੇਟ ਕਰੋਗੇ ?

ਭਗਤ ਸਿੰਘ : ਮਿਸਟਰ ਜਸਟਿਸ, ਐਨਾ ਜ਼ੋਰ ਜ਼ੁਲਮ ਸਹਿ ਕੇ ਕੌਣ ਹੁਕਮ ਮੰਨ ਸਕਦਾ ਹੈ। ਜਸਟਿਸ ਕੋਲਡ ਸਟਰੀਮ ਕੰਨ ਖੋਲ ਕੇ ਸੁਣ ਲਵੋ, ਤੁਸੀ ਸਾਡੇ ਸਰੀਰਾਂ ਦਾ ਨਾਸ ਕਰ ਸਕਦੇ ਹੋ, ਮਗਰ ਸਾਡੇ ਖਿਆਲਾਂ ਨੂੰ ਦਬਾ ਨਹੀਂ ਸਕਦੇ। ਅਸੀਂ ਤਾਂ ਮੁਲਕ ਦੀ ਖਾਤਰ ਜਾਨ ਤਲੀ ਤੇ ਰੱਖੀ ਬੈਠੇ ਹਾਂ। ਸਾਡਾ ਤੁਸੀ ਕੁਛ ਨਹੀਂ ਵਿਗਾੜ ਸਕਦੇ। ਆਜ਼ਾਦੀ ਦੀ ਅੱਗ ਸਾਰੇ ਭਾਰਤ ਵਿਚ ਭੜਕ ਚੁੱਕੀ ਹੈ, ਇਹ ਤੁਹਾਨੂੰ ਵੀ ਝੁਲਸ ਦੇਵੇਗੀ। ਸਿਆਸੀ ਕੈਦੀਆਂ ਨੇ ਭੁਖ ਹੜਤਾਲ ਦਾ ਮੋਰਚਾ ਜਿਤ ਲਿਆ ਹੈ। ਕਾਂਗਰਸ ਨੇ ਲਾਹੌਰ ਸੈਸ਼ਨ ਵਿਚ ਮੁਕੰਮਲ ਆਜ਼ਾਦੀ ਦਾ ਮਤਾ ਪਾਸ ਕਰ ਦਿੱਤਾ ਹੈ, ਕਾਂਗਰਸ ਦਾ ਪਰਧਾਨ ਨੌਜਵਾਨ ਜਵਾਹਰ ਲਾਲ ਨਹਿਰੂ ਥਾਪ ਦਿੱਤਾ ਹੈ। ਦੇਸ਼ ਦੀ ਪੂਰਨ ਆਜ਼ਾਦੀ ਲਈ ਪ੍ਰਤਿਗਿਆ ਪਿੰਡ ਪਿੰਡ ਸ਼ਹਿਰ ਸ਼ਹਿਰ ਵਿਚ ਕੀਤੀ ਜਾ ਚੁੱਕੀ ਹੈ।

ਸਟਰੀਮ : ਆਰਡਰ ! ਕਿਆ ਤੁਸੀ ਅਦਾਲਤ ਦੀ ਕਾਰਵਾਈ ਵਿਚ ਹਿੱਸਾ ਨਹੀਂ ਲੈਣਾ ਚਾਹੁੰਦੇ ?

ਭਗਤ : ਅਸੀਂ ਇਸ ਫਰੇਬ ਭਰੇ ਦਿਖਲਾਵੇ ਵਿਚ ਇਕ ਪਖ ਬਣਨ ਲਈ ਹਰਗਿਜ਼ ਤਿਆਰ ਨਹੀਂ। ਅਸੀਂ ਇਸ ਗੈਰ ਵਿਧਾਨਕ ਅਦਾਲਤ ਦੀ ਕਿਸੇ ਕਾਰਵਾਈ ਵਿਚ ਹਿੱਸਾ ਨਹੀਂ ਲਵਾਂਗੇ। ਅਜ ਤੋਂ ਅਦਾਲਤ ਦਾ ਬਾਈਕਾਟ ਕਰਦੇ ਹਾਂ।

ਸਟਰੀਮ : (ਗੁੱਸੇ ਨਾਲ) ਅਜ ਦੇ ਲਈ ਅਦਾਲਤ ਬਰਖਾਸਤ ਕੀਤੀ ਜਾਂਦੀ ਹੈ।

ਜੱਜ ਕੁਰਸੀਆਂ ਤੋਂ ਉਠਦੇ ਹਨ। ਭਗਤ ਸਿੰਘ ਤੇ ਉਸ ਦੇ ਸਾਥੀ ਉੱਚੀ ਉੱਚੀ ਹਸਦੇ ਹਨ।

ਭਗਤ : ਇਨਕਲਾਬ !

ਸਾਰੇ : ਜ਼ਿੰਦਾਬਾਦ !

ਭਗਤ : ਸਾਮਰਾਜ !

ਸਾਰੇ : ਮੁਰਦਾਬਾਦ।

ਸਾਰੇ ਰਲਕੇ ਗਾਂਦੇ ਹਨ !

ਸਰ ਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ

... ... ... ... ...

... ... ... ... ...

## ਸੱਤਵੀਂ ਝਾਕੀ

ਸਥਾਨ : ਲਾਹੌਰ ਸੈਂਟਰਲ ਜੇਲ੍ਹ

ਭਗਤ ਸਿੰਘ ਲਾਹੌਰ ਸਾਜ਼ਿਸ਼ ਕੇਸ ਦੇ ਕੁਲ ਕੈਦੀਆਂ ਨਾਲ ਬੈਠਾ ਗੱਲਾਂ ਗੱਪਾਂ ਮਾਰ ਰਿਹਾ ਹੈ। ਇਕ ਕਿਤਾਬ ਉਸ ਦੇ ਹੱਥ ਵਿਚ ਹੈ, ਬਾਕੀ ਕੋਲ ਪਈਆਂ ਹਨ।

ਅਕਬਰ ਖਾਨ ਤੇ ਸਰਕਾਰੀ ਵਕੀਲ ਆਉਂਦੇ ਹਨ।

ਭਗਤ ਸਿੰਘ : (ਮੁਸਕਰਾਉਂਦਾ ਹੋਇਆ) ਕੀ ਗਲ ਹੈ ਖਾਨ ਸਾਹਿਬ, ਬੜੇ ਗਮਗੀਨ ਦਿਖਾਈ ਦੇ ਰਹੇ ਹੋ ?

ਅਕਬਰ : ਸਰਦਾਰ ਭਗਤ ਸਿੰਘ, ਨਿਹਾਇਤ ਦੁਖ ਭਰੀ ਖ਼ਬਰ ਹੈ। ਸਪੈਸ਼ਲ ਟ੍ਰਿਬਿਊਨਲ ਨੇ ਲਾਹੌਰ ਸਾਜ਼ਿਸ਼ ਕੇਸ ਦਾ ਫੈਸਲਾ ਸੁਣਾ ਦਿੱਤਾ ਹੈ।

ਭਗਤ : ਇਕ ਤਰਫੇ ਡਰਾਮੇ ਦਾ ਭੋਗ ਬੜੀ ਛੇਤੀ ਪਾ ਦਿੱਤਾ।

ਰਾਜਗੁਰੂ : ਫਰੰਗੀ ਕੁੜਿਕੀ ਵਿਚ ਫਸੇ ਹੋਏ ਸਨ।



ਸੁਖਦੇਵ : ਦੁਨੀਆ ਭਰ ਵਿਚ ਉਨ੍ਹਾਂ ਦਾ ਮੂੰਹ ਕਾਲਾ ਹੋ ਰਿਹਾ ਸੀ।

ਭਗਤ : ਫੈਸਲੇ ਦਾ ਸਾਨੂੰ ਪਹਿਲੋਂ ਪਤਾ ਹੈ, ਪਰ ਤੁਸੀ ਸਰਕਾਰੀ ਡਿਊਟੀ ਭੁਗਤਾ ਲਉ।

ਅਕਬਰ : ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਨੂੰ ਮੌਤ ਦੀ ਸਜ਼ਾ।

ਭਗਤ : ਸਤ ਸੁਲਤਾਨੀ ਗਵਾਹ ਸਾਫ ਬਰੀ, ਬਾਕੀਆਂ ਨੂੰ ਉਮਰ ਕੈਦ, ਠੀਕ ਹੈ ਨਾ ?

ਵਕੀਲ : ਜੀ ਹਾਂ।

ਭਗਤ : ਇਹ ਤਾਂ ਖੁਸ਼ੀ ਭਰੀ ਖਬਰ ਹੈ, ਕਿਉਂ ਸਾਥੀਓ ?

ਰਾਜਗੁਰੂ ਤੇ ਸੁਖਦੇਵ : ਬਿਲਕੁਲ ਠੀਕ ਹੈ।

ਭਗਤ : ਖਾਨ ਸਾਹਿਬ, ਤੁਸੀਂ ਕਿਉਂ ਗਮਗੀਨ ਹੋ, ਸਾਨੂੰ ਤਾਂ ਸੁਣ ਕੇ ਲਾਲੀਆਂ ਚੜ੍ਹ ਗਈਆਂ ਨੇ।

ਵਕੀਲ : ਆਹ ਲਉ ਫੈਸਲਾ, ਬੜਾ ਮੁਖ਼ਤਸਿਰ ਜਿਹਾ ਹੈ।

ਭਗਤ : ਕਿਰਪਾ ਕਰੋ, ਪੜ੍ਹ ਦਿਉ, ਸਾਰੇ ਸੁਣ ਲੈਣ।

ਵਕੀਲ : ਲਾਹੌਰ ਸਾਜ਼ਿਸ਼ ਕੇਸ ਦੇ ਸਿਰਕੱਢ ਮੈਂਬਰਾਂ ਦੀ ਹੈਸੀਅਤ ਵਿਚ ਕਤਲ ਦੇ ਪੁਖਤਾ ਇਰਾਦੇ ਨਾਲ ਔਰ ਕਾਇਰਤਾ ਨਾਲ———

ਭਗਤ : (ਉੱਚੀ ਕਹਿਕਾ ਮਾਰ ਕੇ) ਕਾਇਰਤਾ ਨਾਲ !

ਸਾਰੇ ਉੱਚੀ ਉੱਚੀ ਹੱਸਦੇ ਹਨ।

ਵਕੀਲ : ਕਾਇਰਤਾ ਨਾਲ ਕੀਤੇ ਕਤਲ ਨੂੰ ਧਿਆਨ ਵਿਚ ਰਖਦਿਆਂ ਜਿਸ ਵਿਚ ਉਨ੍ਹਾਂ ਅਹਿਮ ਹਿੱਸਾ ਲਿਆ, ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਮੌਤ ਦੀ ਸਜ਼ਾ ਦਾ ਹੁਕਮ ਦਿੱਤਾ ਜਾਂਦਾ ਹੈ।

ਅਕਬਰ : ਸਰਦਾਰ ਭਗਤ ਸਿੰਘ, ਤੁਸੀਂ ਮੁਲਕ ਦੇ ਬਹਾਦਰ ਤੇ ਆਹਲਾ ਸੰਗਰਾਮੀਏ ਹੋ, ਤੁਹਾਡੀ ਲਿਆਕਤ ਤੇ ਇਨਸਾਨੀਅਤ ਦੀ ਦਾਦ ਦੁਸ਼ਮਣ ਵੀ ਦਿੰਦੇ ਨੇ, ਇਹ ਅਨਮੋਲ ਜੁਆਨੀ ਇਸ ਸਜਾ ਦੇ ਕਾਬਲ ਨਹੀਂ, ਬੜੀ ਛੇਤੀ ਤੁਸੀ ਹਿੰਦੁਸਤਾਨ ਦੇ ਮਹਾਨ ਨੇਤਾ ਬਣ ਸਕਦੇ ਹੋ।

ਭਗਤ : ਖਾਨ ਸਾਹਿਬ, ਜੋਬਨ ਰੁੱਤੇ ਹੀ ਕਾਰਨਾਮੇ ਹੋ ਸਕਦੇ ਨੇ, ਬੁੱਢੇ ਲੀਡਰ ਮਰਨ ਦਾ ਹੌਸਲਾ ਨਹੀਂ ਕਰ ਸਕਦੇ, ਉਹ ਤਾਂ ਗੋਲ ਮੇਜ਼ ਕਾਨਫਰੰਸਾਂ ਹੀ ਕਰਨ ਜੋਗੇ ਨੇ।

ਅਕਬਰ : ਮੇਰੇ ਕਹਿਣ ਦਾ ਮਤਲਬ ਹੈ ਤੁਸੀ ਅਪੀਲ ਕਰੋ ।

ਭਗਤ : ਤੁਹਾਡੇ ਦਿਮਾਗ ਨੂੰ ਗੁਲਾਮੀ ਦੇ ਜੰਗਾਲ ਨੇ ਨਿਕਾਰਾ ਕਰ ਦਿੱਤਾ ਲੱਗਦਾ ਹੈ । ਸਾਰੀ ਕੀਤੀ ਕਰਾਈ ਤੇ ਪੋਚਾ ਫੇਰਨ ਦੀ ਸਲਾਹ ਦਿੰਦੇ ਹੋ ?

ਅਕਬਰ : ਮੇਰਾ ਮਤਲਬ ਹੈ ।

ਭਗਤ : ਖਾਨ ਸਾਹਿਬ, ਨਾ ਤੁਸੀ ਇਨਕਲਾਬ ਦਾ ਮਤਲਬ ਸਮਝਿਆ ਹੈ ਤੇ ਨਾ ਸਾਡਾ ਮਨੋਰਥ । ਅਸੀਂ ਮੌਤ ਦੀ ਸਜ਼ਾ ਤੋਂ ਬਚਣ, ਲਈ ਅਦਾਲਤ ਦੇ ਰਾਹ 'ਚ ਰੋਕਾਂ ਨਹੀਂ ਸੀ ਪਾ ਰਹੇ, ਸਗੋਂ ਢੰਗ ਨਾਲ ਕੌਮੀ ਜਾਗ੍ਰਤੀ ਦਾ ਪਰਚਾਰ ਕਰ ਰਹੇ ਸੀ, ਅੰਗਰੇਜ਼ੀ ਕਾਨੂੰਨ ਦਾ ਮਖੌਲ ਉਡਾ ਰਹੇ ਸੀ । (ਸਰਕਾਰੀ ਵਕੀਲ ਨੂੰ) ਜਾਉ, ਦੱਸ ਦਿਉ ਆਪਣੇ ਜੱਜ ਨੂੰ ।

ਅਕਬਰ : ਮੇਰਾ ਹਰਗਿਜ਼ ਇਹ ਮਤਲਬ ਨਹੀਂ ।

ਭਗਤ : ਤੁਹਾਡਾ ਮਤਲਬ ਮੈ ਚੰਗੀ ਤਰ੍ਹਾਂ ਸਮਝਦਾਂ, ਤੁਸੀ ਸਾਨੂੰ ਦੁਸ਼ਮਣ ਤੋਂ ਭੀਖ ਮੰਗਣ ਦੀ ਸਲਾਹ ਦਿੰਦੇ ਹੋ, ਖਾਨ ਸਾਹਿਬ, ਅਸੀਂ ਭਾਰਤ ਦੀ ਸ਼ਮਾ ਅਜ਼ਾਦੀ ਦੇ ਪਰਵਾਨੇ ਹਾਂ, ਸਿਰ ਲੱਥ ਯੋਧੇ, ਅਸੀਂ ਇਸ ਵਾਸਤੇ ਟਿਮਟਮਾ ਰਹੇ ਸੀ ਤਾਂ ਜੋ ਹੋਰ ਰੋਸ਼ਨੀ ਪੈਦਾ ਹੋ ਸਕੇ, ਹੋਰ ਨੌਜਵਾਨਾਂ ਨੂੰ ਚਿਣਗ ਲਗ ਸਕੇ ।

ਦਰੋਗਾ ਅਤੇ ਸਰਕਾਰੀ ਵਕੀਲ ਚੁਪਚਾਪ ਚਲੇ ਜਾਂਦੇ ਹਨ । ਬੀ. ਕੇ. ਦੱਤ ਭਗਤ ਸਿੰਘ ਦੇ ਗਲ ਲੱਗ ਕੇ ਉੱਚੀ ਉੱਚੀ ਰੋਂਦਾ ਹੈ ।

ਦੱਤ : ਤੁਹਾਡੇ ਨਾਲ ਸਾਨੂੰ ਫਾਂਸੀ ਕਿਉਂ ਨਹੀਂ ਦਿਤੀ ਗਈ !

ਭਗਤ : (ਦੱਤ ਨੂੰ ਪਿਆਰ ਨਾਲ ਦਿਲਾਸਾ ਦਿੰਦਾ ਹੋਇਆ) ਸਾਥੀਓ, ਤੁਸੀਂ ਜ਼ਿੰਦਾ ਸ਼ਹੀਦ ਹੋ । ਜੇਲ੍ਹਾਂ ਵਿਚ ਵੀ ਤੁਸੀਂ ਬਹਾਦਰੀ ਦੇ ਸਬੂਤ ਦੇ ਸਕਦੇ ਹੋ । ਜਦੋਂ ਤੁਸੀਂ ਉਮਰ ਕੈਦ ਭੋਗ ਕੇ ਵਾਪਸ ਘਰ ਜਾਉਗੇ, ਯਕੀਨਨ ਉਦੋਂ ਬਦੇਸ਼ੀ ਹਕੂਮਤ ਦਾ ਖਾਤਮਾ ਹੋ ਚੁੱਕਾ ਹੋਵੇਗਾ । ਦੇਖਣਾ ਆਰਾਮ ਨਾਲ ਨਾ ਬੈਠ ਰਹਿਣਾ, ਇਸ ਜੰਗ ਨੂੰ ਉਦੋਂ ਤਕ ਜਾਰੀ ਰਖਣਾ ਜਦੋਂ ਤਕ ਮੁਲਕ ਅੰਦਰ ਸਹੀ ਜਮਹੂਰੀ ਰਾਜ ਸਥਾਪਤ ਨਹੀਂ ਹੋ ਜਾਂਦਾ । ਮੇਰਾ ਤੁਹਾਡੇ ਪ੍ਰਤੀ ਇਹੋ ਆਖਰੀ ਸੰਦੇਸ ਹੈ ।

ਦੱਤ : ਸਿਰ ਮਥੇ ਕਬੂਲ ।

ਭਗਤ : ਸਾਨੂੰ ਕਾਲ ਕੋਠੜੀਆਂ ਵਿਚ ਡਕਣ ਲਈ ਓਹ ਜੇਲ੍ਹ ਅਧਿਕਾਰੀ ਆ



ਰਹੇ ਨੇ । ਸ਼ਾਇਦ ਅਸੀਂ ਫੇਰ ਨਾ ਮਿਲ ਸਕੀਏ, ਆਓ ਇਕ ਦਫਾ ਆਖਰੀ ਵਾਰ ਆਪਣਾ ਮਨ ਭਾਉਂਦਾ ਗੀਤ ਗਾ ਲਈਏ :

ਸਾਰੇ : ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ ,
ਦੇਖਣਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਲ ਮੇਂ ਹੈ ।

... ... ... ... ...

... ... ... ... ...

## ਅੱਠਵੀਂ ਝਾਕੀ

ਸਥਾਨ : ਸੈਂਟਰਲ ਜੇਲ੍ਹ ਲਾਹੌਰ,

ਭਗਤ ਸਿੰਘ 14 ਨੰਬਰ ਕੋਠੀ ਵਿਚ ਸੀਖਾਂ ਪਿੱਛੇ ਖੜਾ ਹੈ । ਉਸ ਦੇ ਹੱਥਾਂ ਵਿਚ ਕੜੀਆਂ ਤੇ ਪੈਰਾਂ ਵਿਚ ਬੇੜੀਆ ਹਨ । ਪਰ ਉਸ ਦੇ ਚਿਹਰੇ ਤੇ ਉਸੇ ਤਰ੍ਹਾਂ ਅਣਖ ਤੇ ਸਵੈਮਾਣ ਦਾ ਜਲਾਲ ਹੈ ।

ਦਰੋਗਾ : (ਕੋਠੜੀ ਦਾ ਜੰਦਰਾ ਖੋਲਦਾ ਹੋਇਆ) ਸਰਦਾਰ ਭਗਤ ਸਿੰਘ, ਡਿਫੈਂਸ ਕੌਂਸਲ ਵਲੋਂ ਮਿਸਟਰ ਪ੍ਰਾਣ ਨਾਥ ਮਹਿਤਾ ਤੁਹਾਨੂੰ ਤਿੰਨਾਂ ਨੂੰ ਕੱਠੇ ਮਿਲਣ ਆਏ ਨੇ । ਉਸ ਤੋਂ ਬਾਅਦ ਤੁਹਾਡੀ ਪਰਵਾਰ ਨਾਲ ਆਖਰੀ ਮੁਲਾਕਾਤ ਹੋਵੇਗੀ ।

ਭਗਤ : ਰਾਜ ਗੁਰੂ ਤੇ ਸੁਖਦੇਵ ਨੂੰ ਲੈ ਆਓ ।

ਦਰੋਗਾ : ਔਹ ਆ ਰਹੇ ਨੇ ।

ਭਗਤ ਸਿੰਘ ਦੋਹਾਂ ਸਾਥੀਆਂ ਨੂੰ ਵਾਰੋ ਵਾਰੀ ਜੱਫੀ ਪਾ ਕੇ ਮਿਲਦਾ ਹੈ । ਇੰਨੀ ਦੇਰ ਨੂੰ ਪ੍ਰਾਣ ਨਾਥ ਮਹਿਤਾ ਆਣ ਪੁਜਦਾ ਹੈ ।

ਮਹਿਤਾ : (ਹਥ ਜੋੜ ਕੇ) ਸੂਰਬੀਰਾਂ ਨੂੰ ਮੇਰੀ ਨਮਸਕਾਰ ।

ਭਗਤ : ਨਮਸਕਾਰ ਮਹਿਤਾ ਜੀ, ਫਰਮਾਓ, ਡੀਫੈਂਸ ਕੌਂਸਲ ਵਲੋਂ ਕੀ ਸੁਖ

ਸੁਨੇਹਾ ਲੈ ਕੇ ਆਏ ਓ ? ਮੌਤ ਦੀ ਸਜ਼ਾ ਤਾਂ ਅਸੀਂ ਖਿੜੇ ਮੱਥੇ ਪ੍ਰਵਾਨ ਕਰ ਚੁੱਕੇ ਆਂ ।

ਸੁਖਦੇਵ : ਸਾਨੂੰ ਕੋਈ ਗਿਲਾ ਗੁਜ਼ਾਰੀ ਨਹੀਂ ।

ਰਾਜ ਗੁਰੂ : ਅਸੀਂ ਮੌਤ ਲਾੜੀ ਨੂੰ ਵਰਨ ਲਈ ਤਿਆਰ ਬੈਠੇ ਹਾਂ ।

ਮਹਿਤਾ : ਡੀਫੈਂਸ ਕੌਂਸਲ ਵਲੋਂ ਮੈਂ ਇਕ ਬੇਨਤੀ ਕਰਨ ਆਇਆਂ ।

ਭਗਤ : ਡੀਫੈਂਸ ਕੌਂਸਲ ਦੇ ਅਸੀਂ ਦਿਲੋਂ ਧੰਨਵਾਦੀ ਹਾਂ । ਬਹੁਤ ਵੱਡਮੁੱਲਾ ਕੰਮ ਕੀਤਾ ਹੈ । ਮੁਕਦਮੇ ਦੀ ਡਟ ਕੇ ਪੈਰਵਈ ਹੀ ਨਹੀਂ ਕੀਤੀ, ਸਗੋਂ ਦੂਰ ਦਰਾਜ਼ ਤੋਂ ਆਏ ਮੁਲਾਕਾਤੀਆਂ ਦੀ ਰਹਾਇਸ਼ ਤੇ ਖਾਣ ਪੀਣ ਦਾ ਵਧੀਆ ਪ੍ਰਬੰਧ ਕੀਤਾ । ਖਰਚ ਪੱਠੇ ਵੱਲੋਂ ਕਿਸੇ ਨੂੰ ਤੰਗ ਨਹੀਂ ਹੋਣ ਦਿੱਤਾ । ਸਾਡੇ ਵਲੋਂ ਕਿਚਲੂ ਸਾਹਿਬ, ਸ੍ਰੀ ਦੂਨੀ ਚੰਦ, ਸਰਦੂਲ ਸਿੰਘ ਕਵੀਸ਼ਰ, ਸਤਿਆ ਪਾਲ, ਡਾ: ਗੋਪੀ ਚੰਦ ਭਾਰਗੋ ਤੇ ਹੋਰ ਸਭ ਮੈਂਬਰਾਂ ਦਾ ਧੰਨਵਾਦ ਕਰਨਾ ।

ਮਹਿਤਾ : ਮੈਂ ਡੀਫੈਂਸ ਕੌਂਸਲ ਵਲੋਂ ਖਾਸ ਮਿਸ਼ਨ ਤੇ ਆਇਆਂ ।

ਭਗਤ : ਫਰਮਾਓ, ਝਕੋ ਨਹੀਂ ।

ਮਹਿਤਾ : ਸਾਨੂੰ ਤੁਹਾਡੇ ਸਹਿਯੋਗ ਦੀ ਲੋੜ ਹੈ ।

ਰਾਜਗੁਰੂ : ਹੁਣ ਸਹਿਯੋਗ ਦੀ ਕਿਹੜੀ ਗੁੰਜਾਇਸ਼ ਰਹਿ ਗਈ ਹੈ !

ਮਹਿਤਾ : ਮਿਸਟਰ ਰਾਜਗੁਰੂ, ਗੱਲ ਤਾਂ ਪੂਰੀ ਸੁਣ ਲਓ ।

ਭਗਤ । : ਦੱਸੋ ਕੀ ਸੰਦੇਸਾ ਲੈ ਕੇ ਆਏ ਓ ।

ਮਹਿਤਾ : ਡੀਫੈਂਸ ਕੌਂਸਲ ਨੇ ਫੈਸਲਾ ਕੀਤਾ ਹੈ ਕਿ ਰਹਿਮ ਦੀ ਅਪੀਲ—

ਰਾਜਗੁਰੂ ਤੇ ਸੁਖਦੇਵ : (ਭੜਕ ਕੇ) ਹੈਂ ! ਰਹਿਮ ਦੀ ਅਪੀਲ !

ਮਹਿਤਾ : ਰਹਿਮ ਦੀ ਅਪੀਲ ਨਾਲ ਮਹਾਤਮਾ ਗਾਂਧੀ ਦੇ ਹਥ ਮਜ਼ਬੂਤ ਹੋ ਜਾਣਗੇ। ਉਨ੍ਹਾਂ ਦੀ ਵਾਇਸਰਾਏ ਨਾਲ ਛੇਤੀ ਮੁਲਾਕਾਤ ਹੋ ਰਹੀ ਹੈ ।

ਰਾਜਗੁਰੂ : ਹੋਸ਼ ਨਾਲ ਗਲ ਕਰ ਰਹੇ ਹੋ ?

ਭਗਤ : ਰਾਜਗੁਰੂ, ਡੀਫੈਂਸ ਕੌਂਸਲ ਦੇ ਮੈਂਬਰ ਸਾਡੇ ਸ਼ੁਭ ਚਿੰਤਕ ਨੇ ।



ਸੁਖਦੇਵ : ਗਲਤ ਰਾਏ ਦੇ ਰਹੇ ਨੇ !

ਭਗਤ : ਗਲ ਸੁਨਣ ਵਿਚ ਤਾਂ ਕੋਈ ਹਰਜ਼ ਨਹੀਂ । ਜ਼ਰੂਰੀ ਨਹੀਂ ਅਸੀਂ ਉਨ੍ਹਾਂ ਦੀ ਗਲ ਮੰਨੀਏ ।

ਮਹਿਤਾ : ਤੁਸੀਂ ਇਹ ਤਾਂ ਮੰਨਦੇ ਹੋ ਕਿ ਹਿੰਦੋਸਤਾਨ ਦੀ ਆਜ਼ਾਦੀ ਬਹੁਤੀ ਦੂਰ ਨਹੀਂ ।

ਭਗਤ : ਇਹੋ ਵਿਸ਼ਵਾਸ਼ ਸਾਡੀ ਪ੍ਰੇਰਨਾ ਸ਼ਕਤੀ ਹੈ ।

ਮਹਿਤਾ : ਆਜ਼ਾਦ ਭਾਰਤ ਨੂੰ ਤੁਹਾਡੀ ਕਿਤੇ ਵਧੇਰੇ ਲੋੜ ਹੋਵੇਗੀ । ਤੁਹਾਡੇ ਵਰਗੇ ਬੇਗਰਜ ਕੁਰਬਾਨੀ ਵਾਲੇ ਨੇਤਾ ਬਹੁਤ ਘਟ ਨੇ ।

ਭਗਤ : ਮਹਿਤਾ ਜੀ, ਇਹ ਜਜ਼ਬਾਤੀ ਗੱਲਾਂ ਨੇ । ਪੰਡਤ ਜਵਾਹਰ ਲਾਲ ਨਹਿਰੂ, ਸੁਭਾਸ਼ ਚੰਦਰ ਬੋਸ ਵਰਗੇ ਮਹਾਨ ਲੀਡਰ ਬੈਠੇ ਨੇ । ਸਾਨੂੰ ਤਾਂ ਭਾਰਤ ਦੀ ਆਜ਼ਾਦੀ ਦਾ ਨੀਂਹ ਪੱਥਰ ਸਮਝੋ । ਉਪਰਲੀ ਉਸਾਰੀ ਤਾਂ ਦੇਸ ਭਗਤ ਲੀਡਰਾਂ ਮਗਰ ਲਗ ਕੇ ਲੋਕਾਂ ਨੇ ਖੁਦ ਕਰਨੀ ਏ ।

ਮਹਿਤਾ : ਸੂਰਬੀਰ ਨੌਜਵਾਨੋ, ਨੀਂਹ ਪੱਥਰ ਰਖਣ ਵਾਲਾ ਕਾਬਲ ਕਾਰੀਗਰ ਹੀ ਸਹੀ ਤੇ ਵਧੀਆ ਉਸਾਰੀ ਕਰ ਸਕਦਾ ਏ ।

ਰਾਜਗੁਰੂ : ਕੀ ਤੁਸੀ ਸਾਰੀ ਕੀਤੀ ਕਰਾਈ ਤੇ ਪਾਣੀ ਫੇਰਨਾ ਚਾਹੁੰਦੇ ਹੋ ?

ਮਹਿਤਾ : ਹਰਗਿਜ਼ ਨਹੀਂ । ਤੁਹਾਡਾ ਜੀਵਨ ਦੇਸ ਦੀ ਅਮਾਨਤ ਹੈ । ਦੇਸ ਭਰ ਦੇ ਲੋਕੀਂ ਰਹਿਮ ਦੀ ਅਪੀਲ ਲਈ ਜ਼ੋਰ ਦੇ ਰਹੇ ਨੇ । ਸਾਰੇ ਮੁਲਕ ਵਿਚ ਤਰਥੱਲੀ ਮਚੀ ਹੋਈ ਏ । ਥਾਂ ਪਰ ਥਾਂ ਜਲਸੇ ਜਲੂਸ ਨਿਕਲ ਰਹੇ ਨੇ ।

ਭਗਤ : (ਰਾਜਗੁਰੂ ਤੇ ਸੁਖਦੇਵ ਨੂੰ ਬੋਲਣ ਤੋਂ ਰੋਕਦਾ ਹੋਇਆ) ਮਹਿਤਾ ਜੀ, ਤੁਸੀਂ ਸੁਣ ਕੇ ਖੁਸ਼ ਹੋਵੋਗੇ ਕਿ ਰਹਿਮ ਦੀ ਅਪੀਲ ਤਾਂ ਅਸੀਂ ਤਿਆਰ ਕਰੀ ਬੈਠੇ ਹਾਂ ।

ਮਹਿਤਾ : ਸਚ ਮੁਚ ! ਫੇਰ ਐਵੇਂ ਮੇਰਾ ਮੌਜੂ ਉੜਾ ਰਹੇ ਸੀ । ਬਹੁਤ ਖੁਸ਼ੀ ਦੀ ਗਲ ਏ । ਅਪੀਲ ਦੀ ਕਾਪੀ ਮੈਨੂੰ ਦਿਓ ।

ਭਗਤ ਪਹਿਲਾਂ ਸੁਣ ਤਾਂ ਲਓ ।

ਮਹਿਤਾ : ਜ਼ਰੂਰ ਸੁਣਾਓ (ਖੁਸ਼ੀ ਨਾਲ ਹੱਥ ਮਲਦਾ ਹੈ ।)

ਭਗਤ : ਸਾਨੂੰ ਮੌਤ ਦੀ ਸਜ਼ਾ ਇਸ ਕਰਕੇ ਦਿੱਤੀ ਗਈ ਏ, ਕਿਉਂਕਿ ਅਸੀਂ

ਜਾਰਜ ਪੰਜਵੇਂ ਵਿਰੁਧ ਸੰਘਰਸ਼ ਕੀਤਾ। ਸਪੈਸ਼ਲ ਟ੍ਰੀਬਿਊਨਲ ਦੇ ਫੈਸਲੇ ਤੋਂ ਜ਼ਾਹਰ ਹੈ ਕਿ ਅੰਗਰੇਜ਼ਾਂ ਤੇ ਹਿੰਦੁਸਤਾਨੀਆਂ ਵਿਚਕਾਰ ਅਜ਼ਾਦੀ ਲਈ ਜੰਗ ਹੋ ਰਹੀ ਏ ਔਰ ਅਸੀਂ ਉਸ ਵਿਚ ਸਰਗਰਮ ਹਿੱਸਾ ਪਾਇਆ ਹੈ। ਸੋ ਅਸੀਂ ਜੰਗੀ ਕੈਦੀ ਹਾਂ।

ਮਹਿਤਾ : ਸਰਦਾਰ ਭਗਤ ਸਿੰਘ, ਇਹ ਅਪੀਲ ਦੀ ਸ਼ਕਲ ਨਹੀਂ।

ਭਗਤ : ਅੱਗੇ ਸੁਣੋ।

ਮਹਿਤਾ : ਸੁਣਾਉ।

ਭਗਤ : ਸਾਡੀ ਜ਼ੋਰਦਾਰ ਅਪੀਲ ਹੈ ਕਿ ਸਾਨੂੰ ਜੰਗੀ ਕੈਦੀਆਂ ਦੀ ਹੈਸੀਅਤ ਵਿਚ ਫਾਂਸੀ ਦੇਣ ਦੀ ਥਾਂ ਗੋਲੀ ਨਾਲ ਉਡਾਇਆ ਜਾਵੇ।

ਮਹਿਤਾ : ਭਗਤ ਸਿੰਘ, ਇਹ ਕੀ ਕਹਿ ਰਹੇ ਹੋ ?

ਭਗਤ : ਦੂਜੀ ਗਲ, ਅਸੀਂ ਇਹ ਦਸਣਾ ਚਾਹੁੰਦੇ ਹਾਂ ਕਿ ਇਹ ਜੰਗ ਜਾਰੀ ਰਹੇਗੀ ਜਦੋਂ ਤਕ ਫਰੰਗੀ ਦੇਸ ਚੋਂ ਨਿਕਲ ਨਹੀਂ ਜਾਂਦੇ ਅਤੇ ਪਿਛੋਂ ਸਰਮਾਏਦਾਰ ਵਿਅਕਤੀਆਂ ਦੀ ਲੁਟ ਘਸੁਟ ਖਤਮ ਨਹੀਂ ਹੁੰਦੀ।

ਮਹਿਤਾ : ਭਗਤ ਸਿੰਘ, ਤੁਸੀ ਤਾਂ ਮਰਨ ਲਈ ਤਿਆਰ ਬੈਠੇ ਹੋ।

ਭਗਤ : ਮਹਿਤਾ ਜੀ, ਜਦੋਂ ਅਣਖ ਨਾਲ ਜੀਣਾ ਅਸੰਭਵ ਹੋ ਜਾਏ ਤਾਂ ਗੈਰਤ ਨਾਲ ਮਰਨਾ ਜਰੂਰੀ ਹੋ ਜਾਂਦਾ ਹੈ। ਅਸੀਂ ਸ਼ੇਰਾਂ ਵਾਂਗ ਮਰਕੇ ਆਉਣ ਵਾਲੀ ਪੀੜੀ ਲਈ ਜੀਵਨ ਦਾ ਬੂਹਾ ਖੁਲ੍ਹਾ ਛੱਡ ਜਾਣਾ ਚਾਹੁੰਦੇ ਹਾਂ।

ਮਹਿਤਾ : ਭਗਤ ਸਿੰਘ, ਤੇਰੇ ਨਾਲ ਬਹਿਸ ਕਰਨੀ ਫਜ਼ੂਲ ਏ। ਤੇਰਾ ਦ੍ਰਿਸ਼ਟੀਕੋਣ ਤੇ ਚਿੰਤਨ ਵਿਗਿਆਨੀਆਂ ਵਾਲਾ ਏ, ਸਚਮੁਚ ਤੂੰ ਛੋਟੀ ਉਮਰ ਵਿਚ ਮਹਾਨ ਬੁਧੀ ਜੀਵੀ ਦੇਸ਼ ਭਗਤ ਹੈਂ। ਕਾਸ਼ ! ਤੂੰ ਮੁਲਕ ਦੀ ਅਗਵਾਈ ਕਰ ਸਕਦਾ।

ਜੇਲਰ : ਮਹਿਤਾ ਸਾਹਿਬ, ਤੁਹਾਡੀ ਮੁਲਾਕਾਤ ਦਾ ਵਕਤ ਹੋ ਚੁੱਕਾ ਹੈ, ਹੁਣ ਭਗਤ ਸਿੰਘ ਦੀ ਉਸ ਦੇ ਪਰਵਾਰ ਨਾਲ ਮੁਲਾਕਾਤ ਹੋਵੇਗੀ।

ਭਗਤ : ਜੇ ਰਾਜਗੁਰੂ ਤੇ ਸੁਖਦੇਵ ਦੇ ਪਰਵਾਰ ਮੁਲਾਕਾਤ ਲਈ ਨਹੀਂ ਸੱਦੇ, ਤਾਂ ਮੈਂ ਹਰਗਿਜ਼ ਨਹੀਂ ਕਰਾਂਗਾ।



ਜੇਲਰ : ਸਰਦਾਰ ਭਗਤ ਸਿੰਘ, ਦੋਵੇਂ ਪਰਵਾਰ ਆ ਚੁੱਕੇ ਨੇ ਪਰ ਹੁਕਮ ਹੈ, ਵਾਰੋ ਵਾਰੀ ਮੁਲਾਕਾਤ ਕਰਵਾਈ ਜਾਵੇ।

ਸੁਖਦੇਵ : ਅਗੋਂ ਪਿਛੋਂ ਨਾਲ ਕੁਝ ਫਰਕ ਨਹੀਂ ਪੈਂਦਾ ਭਗਤ ਸਿੰਘ।

ਭਗਤ : ਰਾਜਗੁਰੂ, ਤੇਰੇ ਘਰ ਦੇ ਤਾਂ ਬੜੀ ਦੂਰੋਂ ਆਏ ਹੋਣਗੇ, ਸ਼ਾਇਦ ਅਰਾਮ ਕਰ ਰਹੇ ਹੋਣ। ਤੁਸੀਂ ਆਪਣੇ ਘਰਦਿਆਂ ਨੂੰ ਮੇਰਾ ਪਰਨਾਮ ਕਰ ਦੇਣਾ।

ਦਰੋਗਾ ਭਗਤ ਸਿੰਘ ਨੂੰ ਖੱਬੇ ਪਾਸੇ ਵਲ ਲੈ ਜਾਂਦਾ ਹੈ ਜਿਥੇਂ ਭਗਤ ਸਿੰਘ ਦਾ ਪਰਵਾਰ ਜਜ਼ਬਾਤ ਵਿਚ ਪਿੰਘਲਿਆ ਖੜਾ ਹੈ। ਭਗਤ ਸਿੰਘ ਬੜੀ ਸਾਵਧਾਨੀ ਨਾਲ ਪਹਿਲਾਂ ਭੈਣਾਂ ਤੇ ਭਰਾਵਾਂ ਨੂੰ ਪਿਆਰ ਦਿੰਦਾ ਅਤੇ ਹੱਥ ਮਲਾਉਂਦਾ ਹੈ।

ਭਗਤ : ਭੈਣੋ ਤੇ ਭਰਾਵੋ, ਤੁਹਾਡੇ ਲਈ ਮੇਰਾ ਇਹੋ ਆਖਰੀ ਸਨੇਹਾ ਏ, ਦਿਲ ਨਾ ਛਡਿਓ, ਮੇਰੇ ਮਗਰੋਂ ਲੋਕ ਸੇਵਾ ਵਲੋਂ ਮੂੰਹ ਨਾ ਮੋੜਿਓ, ਰਾਸ਼ਟਰ ਦੀ ਵੇਦੀ ਉਤੇ ਆਪਣਾ ਖੂਨ ਡੋਲ ਦਿਓ।

ਸ: ਕਿਸ਼ਨ ਸਿੰਘ ਹੱਥ ਅੱਗੇ ਕਰਕੇ ਭਗਤ ਸਿੰਘ ਦੇ ਸਿਰ ਤੇ ਪਿਆਰ ਦੇਣ ਲੱਗਾ ਰੋਣ ਲਗ ਜਾਂਦਾ ਹੈ।

ਕਿਸ਼ਨ ਸਿੰਘ : ਭਗਤ ਸਿੰਘ, ਮੈਨੂੰ ਮੁਆਫ ਕਰ ਦੇਵੀਂ, ਮੈਂ ਤੇਰਾ ਬਹੁਤ ਦਿਲ ਦੁਖਾਇਆ, ਬੇਹਦ ਸ਼ਰਮਿੰਦਾ ਹਾਂ।

ਭਗਤ : ਪਿਤਾ ਜੀ, ਅਫਸੋਸ ਹੈ, ਮੈਨੂੰ ਬਹੁਤ ਸਖ਼ਤ ਖਤ ਲਿਖਣਾ ਪਿਆ, ਪਰ ਤੁਹਾਨੂੰ ਵੀ ਪੁੱਛੇ ਬਿਨਾ ਕੋਈ ਕਦਮ ਨਹੀਂ ਸੀ ਪੁਟਣਾ ਚਾਹੀਦਾ। ਖ਼ੈਰ ਉਹ ਅਸੂਲੀ ਝਗੜਾ ਸੀ। ਮੇਰੇ ਦਿਲ ਵਿਚ ਤੁਹਾਡੇ ਲਈ ਉਹੋ ਸਨਮਾਨ ਏ। ਜਜ਼ਬੇ ਵਸ ਬੰਦਾ ਕਈ ਦਫਾ ਸਖ਼ਤ ਗ਼ਲਤੀ ਕਰ ਬੈਠਦਾ ਹੈ। ਹੁਣ ਉਹ ਗਲ ਦਿਲੋਂ ਭੁਲਾ ਦਿਓ, ਬਸ ਆਖਰੀ ਅਸ਼ੀਰਵਾਦ ਦਿਉ।

ਕਿਸ਼ਨ ਸਿੰਘ : ਬਸ ਖੁਸ਼ੀ ਖੁਸ਼ੀ ਮੌਤ ਕਬੂਲ ਕਰੀਂ, ਇਸੇ 'ਚ ਦੇਸ਼ ਤੇ ਖਾਨਦਾਨ ਦੀ ਇੱਜ਼ਤ ਏ।

ਭਗਤ : ਕੀ ਬਾਬਾ ਜੀ ਨਹੀਂ ਆਏ ?

ਕਿਸ਼ਨ ਸਿੰਘ : ਓਹ ਬੈਠਾ ਰੋ ਰਿਹਾ ਏ ।

ਭਗਤ : ਉਠਾਲ ਕੇ ਲਿਆਓ । (ਜ਼ਰਾ ਉੱਚੀ) ਬਾਬਾ ਜੀ, ਤੁਸੀਂ ਵੀ ਰੋ ਰਹੇ ਹੋ ? ਤੁਸੀਂ ਹੀ ਤਾਂ ਸਾਰੇ ਪਰਵਾਰ ਨੂੰ ਕੁਰਬਾਨੀ ਦਾ ਸਬਕ ਸਿਖਾਇਆ ਤੇ ਇਨਕਲਾਬ ਦੇ ਰਾਹ ਪਾਇਆ ਏ, ਤੁਹਾਡੇ ਸਾਹਮਣੇ ਚਾਚਾ ਸਰਵਣ ਸਿੰਘ ਦੇਸ ਖਾਤਰ ਮਰਿਆ ਪਰ ਤੁਸੀਂ ਨਹੀਂ ਰੋਏ, ਚਾਚਾ ਅਜੀਤ ਸਿੰਘ ਅਜੇ ਤਕ ਵਿਦੇਸ਼ਾਂ ਵਿਚ ਰੁਲ ਖੁਲ ਰਿਹਾ, ਤੁਸੀਂ ਨਹੀਂ ਘਬਰਾਏ, ਫੇਰ ਅਜ ਕਿਉਂ ਰੋਏ ਓ ?

ਅਰਜਨ ਸਿੰਘ : ਅਜ ਮੇਰੇ ਸਬਰ ਦਾ ਕੜੂ ਪਾਟ ਗਿਆ ਏ ।

ਭਗਤ : ਬਾਬਾ ਜੀ, ਸ਼ੁਕਰ ਕਰੋ ਤੁਹਾਡਾ ਕੁਨਬਾ ਭਾਰਤ ਮਾਂ ਦੀ ਆਜ਼ਾਦੀ ਖਾਤਰ ਲੇਖੇ ਲੱਗ ਰਿਹਾ ।

ਅਰਜਨ ਸਿੰਘ : ਬਲਿਹਾਰ ਸੂਰਬੀਰ ਬੱਚੇ ਦੇ !

ਫੁਟ ਫੁਟ ਕੇ ਰੋਣ ਲਗ ਜਾਂਦਾ ਹੈ । ਕਿਸ਼ਨ ਸਿੰਘ ਉਸ ਨੂੰ ਸਹਾਰਾ ਦੇ ਕੇ ਪਰੇ ਲਿਜਾਂਦਾ ਹੈ ।

ਵਿਦਿਆਵਤੀ : ਹੁਣ ਤੁਸੀਂ ਸਾਰੇ ਪਰੇ ਹਟੋ, ਮੈਂ ਕੱਲੀ ਸ਼ੇਰ ਪੁੱਤ੍ਰ ਨੂੰ ਮਿਲਾਂਗੀ ।

(ਵਿਦਿਆ ਵਤੀ ਭਗਤ ਸਿੰਘ ਦੇ ਸਿਰ ਤੇ ਪਿਆਰ ਦਿੰਦੀ ਹੈ ।)

ਸੰਗੀਤ ਮੰਡਲੀ :

ਜਨਨੀ ਜਨੇ ਤਾਂ ਭਗਤ ਜਨ
ਕੈ ਦਾਰਾ ਕੇ ਸੂਰ
ਨਹੀਂ ਤਾਂ ਜਨਨੀ ਬਾਝ ਰਹੇ
ਕਾਹੇ ਗਵਾਵੇ ਨੂਰ ।

ਭਗਤ : ਮਾਂ; ਅਸੀਸ ਦਿਓ, ਤੁਹਾਡਾ ਪੁੱਤ ਤੁਹਾਡੀ ਕੁਖ ਸੁਲਖਣੀ ਕਰ ਰਿਹਾ ।

ਵਿਦਿਆਵਤੀ : ਪੁੱਤ, ਤੈਨੂੰ ਇਹੋ ਕਹਿਣ ਆਈ ਆਂ, ਹਠ ਨਾ ਛੱਡੀਂ । ਮਰਨਾ ਸਭ ਨੇ ਆ, ਕਿਸੇ ਅੱਗੇ; ਕਿਸੇ ਪਿਛੇ ਪਰ ਮਰਨਾ ਉਹ ਜਿਹਨੂੰ ਸਾਰਾ ਜਗ ਜਹਾਨ ਯਾਦ ਕਰੇ ਤੇ ਧਾਹਾਂ ਮਾਰ ਮਾਰ ਰੋਵੇ ।

ਭਗਤ : ਮਾਂ, ਸਾਡੇ ਹੌਸਲੇ ਬਹੁਤ ਬੁਲੰਦ ਨੇ, ਅਸੀਂ ਹਸਦੇ ਹਸਦੇ ਲਾੜੀ ਮੌਤ ਨੂੰ ਜੱਫੀਆਂ ਪਾਵਾਂਗੇ ।



ਵਿਦਿਆਵਤੀ : ਮੈਂ ਬਹੁਤ ਖੁਸ਼ ਆਂ ਪੁੱਤ੍ਰਾ, ਤੂ ਉਹ ਚਮਤਕਾਰ ਕੀਤਾ, ਜੋ ਅਜੇ ਤਕ ਕਿਸੇ ਮਾਂ ਦੇ ਲਾਲ ਨੇ ਨਹੀਂ ਕੀਤਾ, ਜੀਂਦਾ ਵਸਦਾ ਰਹੁ ।

ਭਗਤ : (ਹੱਸਦਾ ਹੋਇਆ) ਮਾਂ, ਹੁਣ ਤਾਂ ਮਰਕੇ ਹੀ ਜੀਵਾਂਗੇ ।

ਵਿਦਿਆਵਤੀ ; ਪੁੱਤ੍ਰਾ, ਆਪਣੀ ਕਹਨੀ ਸਦਕਾ ਤੂੰ ਸੂਰਜ ਚੰਨ ਵਾਂਗ ਚਮਕੇਂਗਾ ।

ਭਗਤ : ਮਾਂ, ਫੇਰ ਤੂੰ ਰੋ ਕਿਉਂ ਰਹੀ ਏਂ ?

ਵਿਦਿਆਵਤੀ : ਇਹ ਤਾਂ ਅਗੰਮੀ ਖੁਸ਼ੀ ਦੇ ਹੰਝੂ ਨੇ, ਮੇਰਾ ਢੂਲਾ ਸ਼ੇਰ ਨੇਕ ਕੰਮ ਲਈ ਜਾਨ ਵਾਰ ਰਿਹਾ ਹੋਵੇ, ਮੈਂ ਚਿਗਾਣੇ ਰੋਵਾਂ ।

ਭਗਤ : ਤੇਰੀ ਕੋਈ ਆਖਰੀ ਸੱਧਰ ਹੈ ਤਾਂ ਦੱਸ ?

ਵਿਦਿਆਵਤੀ : ਬਸ ਇਕੋ, ਮੇਰਾ ਸ਼ੇਰ ਪੁੱਤ ਹਸਦਾ ਹਸਦਾ ਫਾਂਸੀ ਦੇ ਤਖਤੇ ਤੇ ਚੜ੍ਹੇ । ਮਾਵਾਂ ਆਪਣੇ ਬਾਲਾਂ ਨੂੰ ਭਗਤ ਸਿੰਘ ਵਰਗਾ ਬਣਨ ਦੀਆਂ ਮੀਸਾਂ ਦੇਣ ।

ਭਗਤ : ਐਨ ਇਸੇ ਤਰ੍ਹਾਂ ਹੋਵੇਗਾ ਮਾਂ, ਕੁਝ ਹੋਰ ਦਸ ?

ਵਿਦਿਆਵਤੀ : (ਰਿਸ ਪੈਂਦੀ ਹੈ) ਫਾਹੇ ਤੇ ਚੜ੍ਹਨ ਸਮੇਂ ਤੇਰਾ ਭਾਰ ਵਧੇ ਘਟੇ ਨਾ ।

ਭਗਤ : (ਪੈਰਾਂ ਨੂੰ ਹਥ ਲਾ ਕੇ) ਮਾਂ, ਤੇਰੀ ਆਖਰੀ ਖਾਹਿਸ਼ ਪੂਰੀ ਹੋਵੇਗੀ ।

ਵਿਦਿਆਵਤੀ : ਪੁੱਤ੍ਰਾ, ਇਕ ਗੱਲ ਹੋਰ ।

ਭਗਤ : ਦਸ ਮਾਂ ।

ਵਿਦਿਆਵਤੀ ; ਮੈਨੂੰ ਆਖਰੀ ਦਫ਼ਾ ਉਹ ਗਾਣਾ ਸੁਣਾ ਦੇ ।

ਭਗਤ : ਕਿਹੜਾ ਮਾਂ ?

ਵਿਦਿਆਵਤੀ : ਜਿਹੜਾ ਤੂੰ ਬਚਪਨ ਤੋਂ ਗਾਂਦਾ ਆ ਰਿਹਾ—

ਮੇਰਾ ਰੰਗ ਦੇ ਬਸੰਤੀ ਚੋਲਾ...

ਭਗਤ ਸਿੰਘ : (ਗਾ ਕੇ) :

ਮੇਰਾ ਰੰਗ ਦੇ ਬਸੰਤੀ ਚੋਲਾ, ਮਾਏਂ...
ਇਸੀ ਰੰਗ ਮੇਂ ਰੰਗ ਕੇ ਸ਼ਿਵਾ ਨੇ ਮਨ ਕਾ ਬੰਧਨ ਖੋਲਾ,
ਮੇਰਾ ਰੰਗ ਦੇ ਬਸੰਤੀ ਚੋਲਾ...
ਯਹੀ ਰੰਗ ਹਲਦੀ ਘਾਟੀ ਮੇਂ ਖੁਲ੍ਹ ਕਰ ਥਾਂ ਖੇਲਾ
ਨਵ ਬਸੰਤ ਮੇਂ ਭਾਰਤ ਕੇ ਹਿਤ ਵੀਰੋਂ ਕਾ ਯਹ ਮੇਲਾ
ਮੇਰਾ ਰੰਗ ਦੇ ਬਸੰਤੀ ਚੋਲਾ, ਮਾਏ—

ਵਿਦਿਆਵਤੀ : ਅੱਛਾ ਪੁੱਤਰ, ਤੇਰਾ ਰਬ ਰਾਖਾ ।

ਭਗਤ : ਮਾਂ, ਰੋਂਦੀ ਹੋਈ ਬਾਹਰ ਨਾ ਜਾਈਂ, ਲੋਕੀ ਕਹਿਣਗੇ ਭਗਤ **ਸਿੰਘ** ਨੂੰ ਜਨਮ ਦੇਣ ਵਾਲੀ ਬਹਾਦਰ ਮਾਂ ਰੋ ਰਹੀ ਏ ।

ਵਿਦਿਆਵਤੀ : ਪੁੱਤਾ ! ਮਾਂ ਦੀਆਂ ਆਂਦਰਾਂ ਅਵੱਸੋਂ ਤੜਫਦੀਆਂ । ਰੋਵਾਂ ਕਿੱਦਾ ਨਾ !

ਉਸ ਦਾ ਸਿਰ ਪਲੋਸਦੀ ਤੇ ਰੋਂਦੀ ਹੈ । ਦਰੋਗਾ ਦੋਹਾਂ ਨੂੰ ਵੱਖ ਕਰਦਾ ਹੈ ।

ਬੱਤੀਆਂ ਇਕ ਦਮ ਬੁਝ ਜਾਂਦੀਆਂ ਹਨ । ਜਗਦੀਆਂ ਹਨ ਤਾਂ ਸੀਨ ਆਰੰਭਕ ਝਾਕੀ ਵਾਲਾ ਹੁੰਦਾ ਹੈ ।

... ... ... ... ...

## ਆਰੰਭਕ ਝਾਕੀ ਦੀ ਬਾਕੀ

ਅਕਬਰ : ਭਗਤ ਸਿੰਘ, ਨੰਗੇ ਮੂੰਹ ਹੀ ਚਲੋ, ਜੋ ਹੋਵੇਗੀ ਮੈਂ ਭੁਗਤਾਂਗਾ ।

ਭਗਤ : ਖਾਨ ਸਾਹਿਬ, ਚਿੰਤਾ ਨਾ ਕਰੋ, ਤੁਹਾਨੂੰ ਕੁਝ ਨਹੀਂ ਹੋਣ ਲੱਗਾ । ਸਭ ਅਫ਼ਸਰਾਂ ਨੂੰ ਸਾਡੇ ਅੜਬਪੁਣੇ ਦਾ ਚੰਗੀ ਤਰ੍ਹਾਂ ਪਤਾ ।

ਅਕਬਰ : ਪਰ ਹੁਣ ਤੁਰੋ ਵੀ ਨਾ, ਵਕਤ ਬਹੁਤ ਹੋ ਗਿਆ ਹੈ, ਮੇਰੀ ਸ਼ਾਮਤ ਆ ਜਾਵੇਗੀ ।

ਭਗਤ ਸਿੰਘ : ਆਓ ਸਾਥੀਓ, ਹਸਦੇ ਗਾਉਂਦੇ ਮੌਤ ਲਾੜੀ ਦਾ ਸੁਆਗਤ ਕਰੀਏ :—

ਸਾਥੋਂ ਵਧ ਕੇ ਜ਼ਿੰਦਗੀ ਨੂੰ ਕੌਣ ਕਰ ਸਕਦਾ ਹੈ ਪਿਆਰ ।

ਪਰ ਅਗਰ ਮਰਨੇ ਤੇ ਆ ਜਾਏਂ ਤਾਂ ਮਰ ਜਾਂਦੇ ਹਾਂ ਅਸੀਂ ,
ਜਾਗ ਉਠਦੇ ਹਾਂ ਤਾਂ ਸੂਲੀ ਤੇ ਵੀ ਨੀਂਦ ਆਂਦੀ ਨਹੀਂ ,
ਵਕਤ ਪੈ ਜਾਏ ਤਾਂ ਗਿਆਰਾਂ ਤੇ ਵੀ ਸੌਂ ਜਾਂਦੇ ਅਸੀਂ ,
ਮਰ ਕੇ ਵੀ ਖਾਕ ਵਿਚ ਅਸੀਂ ਦਫਨ ਰਹਿ ਸਕਦੇ ਨਹੀਂ ।

ਅਕਬਰ ਖਾਨ ਅਗੇ ਵਧ ਕੇ ਕਾਲਾ ਦਰਵਾਜ਼ਾ ਖੋਲਦਾ ਹੈ । ਡੀ. ਸੀ. ਲਾਹੌਰ ਤੇ ਜਲਾਦ ਖੜੇ ਦਿਖਾਈ ਦਿੰਦੇ ਹਨ ।



ਡੀ. ਸੀ. : (ਕੜਕ ਕੇ) ਅਕਬ ਖਾਂ, ਯੇਹ ਕਿਆ ਹੈ ? ਤੇਰੀ ਵੀ ਸ਼ਾਮਤ ਆ ਜਾਵੇਗੀ !

ਅਕਬਰ : ਜਹਾਨ ਪਨਾਹ, ਹਜ਼ੂਰ ਨੂੰ ਇਨ੍ਹਾਂ ਕ੍ਰਾਂਤੀਕਾਰਾਂ ਦਾ ਪਤਾ ਹੀ ਹੈ; ਇਹ ਮੌਤ ਨੂੰ ਮਖੌਲ ਸਮਝਦੇ ਨੇ । ਬੜੀ ਮੁਸ਼ਕਲ ਨਾਲ ਕਾਲੇ ਕਪੜੇ ਪੁਆਏ ਨੇ ।

ਡੀ. ਸੀ. : ਅਥੀ ਇਨ੍ਹਾਂ ਦੀ ਹੈਂਕੜ ਫੁਟ ਜਾਏਗੀ ।

ਭਗਤ : (ਅੱਖਾਂ ਵਿਚ ਸ਼ਾਂਤੀ, ਬੁੱਲ੍ਹਾਂ ਤੇ ਮੁਸਕ੍ਰਾਹਟ ਤੇ ਆਵਾਜ਼ ਵਿਚ ਮਹਾਂ ਪੁਰਸ਼ਾਂ ਵਾਲੀ ਗੰਭੀਰਤਾ ਨਾਲ) ਮਿਸਟਰ ਡਿਪਟੀ ਕਮਿਸ਼ਨਰ, ਤੁਸੀਂ ਖੁਸ਼ਕਿਸਮਤ ਹੋ, ਅਜ ਤੁਸੀਂ ਆਪਣੀਆਂ ਅੱਖਾਂ ਨਾਲ ਇਹ ਦੇਖਣ ਦਾ ਮੌਕਾ ਪ੍ਰਾਪਤ ਕਰ ਰਹੇ ਹੋ ਕਿ ਹਿੰਦੁਸਤਾਨ ਦੇ ਇਨਕਲਾਬੀ ਕਿਸ ਤਰ੍ਹਾਂ ਖੁਸ਼ੀ ਖੁਸ਼ੀ ਦੇਸ਼ ਖਾਤਰ ਮੌਤ ਨੂੰ ਜੱਫੀਆਂ ਪਾ ਰਹੇ ਨੇ ।

ਡੀ. ਸੀ. : ਜ਼ਬਾਨ ਬੰਦ ਕਰੋ, ਬਦਤਮੀਜ਼ !

ਭਗਤ : (ਵਿਅੰਗ ਨਾਲ) ਮਿਸਟਰ ਡਿਸਟ੍ਰਿਕ ਮੈਜਿਸਟਰੇਟ, ਅੰਤ ਸਮੇਂ ਤਾਂ ਆਪਣੇ ਗੁਲਾਮਾਂ ਨਾਲ ਚੰਗਾ ਸਲੂਕ ਕਰੋ । ਅਸੀਂ ਤਾਂ ਹੋਰ ਚੰਦ ਮਿੰਟਾਂ ਬਾਅਦ ਗੁਲਾਮੀ ਦੇ ਜੰਜਾਲ ਲਾਹ ਸੁਟਾਂਗੇ । ਯਾਦ ਰੱਖੋ, ਤੁਹਾਨੂੰ ਵੀ ਛੇਤੀ ਬਿਸਤਰੇ ਗੋਲ ਕਰਨੇ ਪੈਣਗੇ ।

ਤਿੰਨੇ ਉੱਚੀ ਉੱਚੀ ਹਸਦੇ ਹਨ ਅਤੇ ਅੱਗੇ ਵਧਦੇ ਹਨ । ਫਾਂਸੀ ਦੇ ਫੰਦਿਆਂ ਨੂੰ ਚੁੰਮਦੇ ਹਨ ਅਤੇ ਆਪਣੇ ਆਪ ਗਲਾਂ ਵਿਚ ਫਾਹੀਆਂ ਪਾ ਲੈਂਦੇ ਹਨ ।

ਭਗਤ : ਮਿਸਟਰ ਜਲਾਦ, ਦੇਖ ਲੈ ਚੰਗੀ ਤਰ੍ਹਾਂ ।

ਤਿੰਨੇ ਇਕਠੇ : ਇਨਕਲਾਬ ! ਜ਼ਿੰਦਾਬਾਦ !

ਸਾਮਰਾਜ ! ਮੁਰਦਾਬਾਦ !

ਜੇਲ੍ਹ ਦੇ ਚੋਹਾਂ ਪਾਸਿਆਂ ਤੋਂ ਨਾਅਰਿਆਂ ਦੀ ਆਵਾਜ਼ ਆਉਂਦੀ ਹੈ । ਡੀ. ਸੀ. ਗੁੱਸੇ ਨਾਲ ਤਲਮਲਾਂਦਾ ਹੈ ।

ਡੀ. ਸੀ. : (ਘੜੀ ਵਲ ਵੇਖਦਾ ਹੋਇਆ) ਸਿਰਫ਼ ਇਕ ਮਿੰਟ ਬਾਕੀ !

ਭਗਤ : ਸ਼ੁਕਰੀਆ !

ਦਿਲ ਸੇ ਨਿਕਲੇਗੀ ਨਾ ਮਰ ਕਰ ਵਤਨ ਦੀ ਉਲਫਤ ।
ਮੇਰੀ ਮਿੱਟੀ ਸੇ ਵੀ ਖੁਸ਼ਬੂਏ ਵਤਨ ਆਏਗੀ ।

ਜਲਾਦ : ਸਬ ਅੱਛਾ !

ਡੀ. ਸੀ. : ਕੋਈ ਆਖਰੀ ਪੈਗਾਮ ?

ਭਗਤ : ਬਸ ਇਕੋ, ਮਰ ਕੇ ਫੇਰ ਜਨਮ ਲਈਏ ਤੇ ਭਾਰਤ ਮਾਂ ਦੀ ਸੇਵਾ 'ਚ ਮੁੜ ਜਾਨ ਵਾਰੀਏ । ਦੇਸ ਵਾਸੀਓ, ਜੰਗ ਜਾਰੀ ਰਖਣਾ, ਜਿੰਨਾ ਚਿਰ ਤਕ ਦੇਸ ਪੂਰੀ ਤਰ੍ਹਾਂ ਆਜ਼ਾਦ ਨਹੀਂ ਹੋ ਜਾਂਦਾ ।

ਇਨਕਲਾਬ—ਜ਼ਿੰ-ਦ-ਦ-ਦ

... ... ... ...

## ਅੰਤਮ ਝਾਕੀ

ਸਮਾਂ : ਸਵੇਰ ਸਾਰ

ਸਥਾਨ : ਫਿਰੋਜਪੁਰ ਲਾਗੇ ਸਤਲੁਜ ਦਾ ਕੰਢਾ । ਤਿੰਨ ਲਾਸ਼ਾਂ ਸੜ ਰਹੀਆਂ ਹਨ । ਅੰਗਰੇਜ਼ ਅਫਸਰ ਸਖਤ ਘਬਰਾਹਟ ਵਿਚ ਹੈ । ਇਕ ਪਾਸੇ ਗਰੰਥੀ ਤੇ ਪੰਡਤ ਹੈਰਾਨ ਪਰੇਸ਼ਾਨ ਖੜੇ ਹਨ ।

ਅੰਗਰੇਜ਼ : ਔਰ ਕੇਰੋਸੀਨ ਡਾਲੋ, ਔਰ ਕੇਰੋਸੀਨ ਡਾਲੋ, ਜਲਦੀ ਕਰੋ !

ਅਫਸਰ : ਬਹੁਤ ਅੱਛਾ ਹਜ਼ੂਰ ।

ਅੰਗਰੇਜ਼ : ਓਹ ਰੋਸ਼ਨੀ ਕੈਸੀ ਹੈ ?

ਅਫਸਰ : (ਦੂਰ ਦੇਖਦਾ ਹੋਇਆ) ਜਨਾਬ, ਉਹ ਤਾਂ ਮਿਸਾਲਾਂ, ਲਾਲਟੈਨਾਂ, ਬੈਟਰੀਆਂ ਦਾ ਚਾਨਣ ਹੈ ।



ਅੰਗਰੇਜ : ਕੌਣ ਲੋਕ ਹੋ ਸਕਦੇ ਹੈਂ ?

ਅਫਸਰ : ਜਨਾਬ, ਮਲੂਮ ਹੁੰਦਾ ਫਿਰੋਜ਼ਪੁਰ ਦੇ ਲੋਕਾਂ ਨੂੰ ਪਤਾ ਲਗ ਗਿਆ ।

ਅੰਗਰੇਜ਼ : ਇਹ ਕਿਸ ਤਰ੍ਹਾਂ ਹੋ ਸਕਦਾ ਹੈ ?

ਅਫਸਰ : ਹਜ਼ੂਰ, ਸਭ ਕੁਛ ਮੁਮਕਿਨ ਹੈ । ਹਜ਼ਾਰਾਂ ਦੀ ਗਿਣਤੀ ਵਿਚ ਲੋਕੀਂ ਜੇਲ੍ਹ ਦੇ ਮੇਨ ਦਰਵਾਜ਼ੇ ਸਾਹਮਣੇ ਖੜੇ ਸਨ, ਭਿਣਕ ਪੈ ਗਈ ਹੋਵੇਗੀ ।

ਅੰਗਰੇਜ : ਮਗਰ ਅਸੀਂ ਤਾਂ ਪਿਛਲੇ ਦਰਵਾਜ਼ੇ ਰਾਹੀਂ ਨਿਕਲੇ ਸੀ ।

ਅਫਸਰ ; ਹਜ਼ੂਰ, ਫੌਜੀ ਟਰੱਕ ਖੜਾਕ ਜਿਆਦਾ ਕਰਦੇ ਨੇ, ਜ਼ਰੂਰ ਪਤਾ ਲਗ ਗਿਆ ਹੋਵੇਗਾ । ਜੇ ਅਸੀਂ ਰਾਤੋ ਰਾਤ ਇਥੇ ਪਹੁੰਚ ਸਕਦੇ ਹਾਂ ਤਾਂ ਉਹ ਕਿਉਂ ਨਹੀਂ ਆ ਸਕਦੇ ?

ਅੰਗਰੇਜ਼ : ਠੀਕ ਇਹੋ ਬਾਤ ਲਗਦੀ ਹੈ । ਤੁਸੀਂ ਜਲਦੀ ਕੰਮ ਖਤਮ ਕਰਕੇ ਆ ਜਾਣਾ, ਹਮ ਜੀਪ ਪਰ ਚਲਦਾ ਹੈ । ਉਹ ਲੋਕ ਇਧਰ ਹੀ ਆ ਰਹੇ ਹੈਂ !

ਅਫਸਰ : (ਸਿਪਾਹੀਆਂ ਨੂੰ ਝਿੜਕਦਾ ਹੋਇਆ) ਅੱਧ ਜਲ੍ਹੀਆਂ ਲਾਸ਼ਾਂ ਔਰ ਸੁਆਹ ਪਾਣੀ ਵਿਚ ਸੁਟੋ, ਛੇਤੀ ਕਰੋ । ਜੇ ਉਹ ਪਹੁੰਚ ਗਏ ਤਾਂ ਸਾਡੀ ਜਾਨ ਦੀ ਖੈਰ ਨਹੀਂ, ਅਸੀਂ ਵੀ ਤਾਂ ਇਸ ਜ਼ੁਲਮ ਵਿਚ ਸ਼ਰੀਕ ਹਾਂ ।

ਪੰਡਤ ਤੇ ਗਰੰਥੀ ਚੁਪ ਚਾਪ ਹਨੇਰੇ ਵਿਚ ਅਲੋਪ ਹੋ ਜਾਂਦੇ ਹਨ ।

ਸਿਪਾਹੀ : ਜਨਾਬ, ਉਹ ਤਾਂ ਅਗ ਭਬੂਕੇ ਵਾਂਗ ਨੱਠੇ ਆ ਰਹੇ ਨੇ !

ਅਫਸਰ : ਫੇਰ ਡਰਾਈਵਰ ਨੂੰ ਆਖੋ, ਟਰੱਕ ਸਟਾਰਟ ਕਰੇ ! ਜਲਦੀ ਕਰੋ, ਦੇਖਣਾ ਕੋਈ ਹੱਡੀ ਰਹਿ ਨਾ ਜਾਏ ।

ਸਿਪਾਹੀ : ਜਨਾਬ, ਡਰ ਤੇ ਘਬਰਾਹਟ ਕਾਰਨ ਕੁਝ ਨਹੀਂ ਦਿਸਦਾ, ਬੋਰੀਆਂ ਵਿਚੋਂ ਕਢਣ ਸਮੇਂ ਕੋਈ ਹੱਡੀ ਪਸਲੀ ਇਧਰ ਉਧਰ ਡਿਗ ਸਕਦੀ ਹੈ ।

ਅਫਸਰ : ਰਹਿੰਦੀ ਹੈ ਤਾਂ ਰਹਿ ਜਾਏ । ਤੁਸੀਂ ਝਟ ਪਟ ਕੰਮ ਖਤਮ ਕਰੋ । ਹਰਖੇ ਲੋਕਾਂ ਦੀ ਭੀੜ ਭਿਆਨਕ ਅਗ ਸਮਾਨ ਹੁੰਦੀ ਏ । ਭੜਕੇ ਹੋਏ ਲੋਕ ਸਾਨੂੰ ਵੀ ਸਾੜ ਕੇ ਸੁਆਹ ਕਰ ਦੇਣਗੇ ।

ਛੇਤੀ ਛੇਤੀ ਸਾਰੇ ਚਲੇ ਜਾਂਦੇ ਹਨ। ਦੂਰੋਂ 'ਇਨਕਲਾਬ ਜ਼ਿੰਦਬਾਦ' ਦੇ ਨਾਅਰੇ ਸੁਣਾਈ ਦਿੰਦੇ ਹਨ।

ਸਤਲੁਜ ਦਰਿਆ ਦੇ ਪਾਣੀ ਦੀ ਆਵਾਜ਼ ਦਾ ਸੰਨਾਟਾ। ਕੁਝ ਪਲਾਂ ਪਿਛੋਂ ਦੋ ਬੰਦੇ ਮਸਾਲਾਂ ਲਈ ਉਥੇ ਪਹੁੰਚ ਜਾਂਦੇ ਹਨ।

ਇਕ ਬੰਦਾ : ਆਹ ਥਾਂ ਅਜੇ ਤਕ ਗਰਮ ਹੈ।

ਦੂਜਾ : ਮਲੂਮ ਹੁੰਦਾ, ਅਧ ਜਲੀਆਂ ਲਾਸ਼ਾਂ ਪਾਣੀ ਵਿਚ ਸੁਟ ਕੇ ਨਸ ਗਏ।

ਪਹਿਲਾ : ਓਹ ਟਰੱਕ ਜਾ ਰਿਹਾ, ਘੇਰ ਸਕਦੇ ਸੀ।

ਦੂਜਾ : ਕੀ ਫਾਇਦਾ ਸੀ।

ਪਹਿਲਾ : ਆਹ ਦੇਖ ਬੋਰੀਆਂ, ਖੂਨ ਨਾਲ ਲਿਬੜੀਆਂ ਪਈਆਂ।

ਦੂਜਾ : ਹੋ ਸਕਦਾ, ਲਾਸ਼ਾਂ ਨੂੰ ਟੋਟੇ ਟੋਟੇ ਕਰਕੇ ਲਿਆਏ ਹੋਣ।

ਪਹਿਲਾ : ਅੰਦਰ ਦੇਖ, ਪਾਣੀ ਕੰਢੇ ਸੁਆਹ ਖਿੰਡਰੀ ਹੋਈ ਏ।

ਦੂਜਾ : ਆਹ ਦੇਖ, ਅਧ ਜਲੀ ਹੱਡੀ—

ਪਹਿਲਾ ; ਹੈਂ, ਇਹ ਤਾਂ ਬਾਹ ਦਾ ਹਿੱਸਾ ਏ।

ਅਮਰ ਕੌਰ : (ਹਥੋਂ ਫੜ ਕੇ) ਮੈਨੂੰ ਦਿਖਾਉ, ਇਹ ਤਾਂ ਮੇਰੇ ਵੀਰ ਦੀ ਬਾਂਹ ਦਾ ਹਿੱਸਾ ਲਗਦਾ, ਮੈਨੂੰ ਅੰਤਰੀਵ ਸੌਝੀ ਤੋਂ ਦਿਸ ਰਿਹਾ।

ਉੱਚੀ ਉੱਚੀ ਰੋਣ ਲਗ ਪੈਂਦੀ ਹੈ। ਖੱਦਰਪੋਸ਼ ਜੈ ਦੇਵ ਗੁਪਾਲ, ਜੋ ਅਮਰ ਕੌਰ ਦੇ ਨਾਲ ਹੀ ਲਾਹੌਰ ਤੋਂ ਰਾਤੋ ਰਾਤ ਆਇਆ ਹੈ, ਦਿਲਾਸਾ ਦਿੰਦਾ ਹੈ।

ਜੈ ਦੇਵ ਗੁਪਾਲ : ਅਮਰ ਕੋਰੇ, ਮਤ ਰੋ! ਤੇਰਾ ਸੂਰਬੀਰ ਭਰਾ ਹਸਦਾ ਹਸਦਾ ਫਾਂਸੀ ਦੇ ਤਖਤੇ ਤੇ ਚੜ੍ਹਿਆ, ਤੂੰ ਇਸ ਮਹਾਨ ਕੁਰਬਾਨੀ ਨੂੰ ਹੰਝੂਆਂ ਨਾਲ ਨਾ ਧੋ। ਇਸ ਸੰਸਾਰ ਵਿਚ ਅਰਬਾਂ ਖਰਬਾਂ ਲੋਕ ਆਏ, ਅਰਬਾਂ ਖਰਬਾਂ ਚਲੇ ਗਏ, ਤੇਰਾ ਵੀਰ ਭਗਤ ਸਿੰਘ ਮਰਿਆ ਨਹੀਂ, ਨਾ ਮਰੇਗਾ, ਉਹ ਹਮੇਸ਼ਾ ਹਮੇਸ਼ਾ ਲਈ ਇਸ ਦੁਨੀਆਂ ਵਿਚ ਕਾਇਮ ਰਹੇਗਾ। ਆਖੋ ਸਾਰੇ ਭਗਤ ਸਿੰਘ, ਰਾਜਗੁਰੂ, ਸੁਖਦੇਵ!

ਸਾਰੇ ; ਜ਼ਿੰਦਾਬਾਦ!



ਜੈ ਦੇਵ ਗੁਪਤਾ : ਦੋਸਤੋ, ਸ਼ਹੀਦਾਂ ਦਾ ਖੂਨ ਅਜਾਈਂ ਨਹੀਂ ਜਾਵੇਗਾ। ਇਹ ਨੌਜਵਾਨਾ ਵਿਚ ਨਰੋਆ ਬਲ ਤੇ ਸਾਹਸ ਪੈਦਾ ਕਰੇਗਾ, ਦੇਸ਼ ਦੀ ਸੁਤੰਤਰਤਾ ਨੂੰ ਨੇੜੇ ਲਿਆਵੇਗਾ। ਮਿਤਰੋ, ਸਤਲੁਜ ਗਵਾਹ ਹੈ। ਇਹ ਕਦੀਮੀ ਦਰਿਆ ਜਿਸ ਦੇ ਕੰਢੇ ਪਵਿੱਤਰ ਵੇਦ ਰਚੇ ਗਏ, ਜਿਸ ਦੇ ਕੰਢੇ ਮਹਾਨ ਸਾਕੇ ਵਾਪਰੇ ਸਦਾ ਸਦਾ ਲਈ ਇਸ ਬੇਮਿਸਾਲ ਸ਼ਹਾਦਤ ਦੀ ਸਾਖੀ ਭਰਦਾ ਰਹੇਗਾ :

ਸ਼ਹੀਦੋਂ ਕੀ ਚਿਤਾਉਂ ਪਰ ਜੁੜੇਂਗੇ ਹਰ ਬਰਸ ਮੇਲੇ।
ਵਤਨ ਪਰ ਮਰਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ।

ਸਾਰੇ ਲੋਕੀ : ਇਨਕਲਾਬ! ਜ਼ਿੰਦਾਬਾਦ!!

ਜੈ ਦੇਵ ਗੁਪਾਲ : (ਵਜਦ ਵਿਚ ਆ ਕੇ ਹਥ ਦੇ ਇਸ਼ਾਰੇ ਨਾਲ) :—

ਮਿਲੀ ਰਾਖ ਮਿੱਟੀ'ਚ ਬੇਸ਼ੱਕ ਹੈ ਤੇਰੀ,
ਤੇਰੇ ਸੋਕ ਦੀ ਆਏਗੀ ਪਰ ਹਨੇਰੀ।

ਖਿਆਲਾਂ ਨੂੰ ਤੇਰੇ ਮਿਟਾਏਗਾ ਕਿਹੜਾ?
ਤੇਰੇ ਸੁਪਨਿਆਂ ਨੂੰ ਉਡਾਏਗਾ ਕਿਹੜਾ?

ਖਿਆਲਾਂ ਦੀ ਬਿਜਲੀ ਦਿਲਾਂ ਵਿਚ ਰਹੇਗੀ,
ਜੋ ਦੁਨੀਆ ਨੂੰ ਸੰਦੇਸ਼—ਜੀਵਨ ਦਏਗੀ।

ਤੇਰੀ ਕਦਰ ਮਾਨਵ ਦੀ ਸਰਜੀਵ ਰੂਹ ਨੂੰ,
ਤੇਰੀ ਕਦਰ ਹੈ ਜ਼ਿੰਦਗੀ ਦੇ ਲਹੂ ਨੂੰ।

ਤੂੰ ਅਗਨੀ ਤੋਂ ਹੋਇਆ ਹੈਂ ਪ੍ਰਚੰਡ ਜਵਾਲਾ,
ਤੂੰ ਜ਼ਿੰਦਾ ਰਿਹਾ ਮੌਤ ਦਾ ਪੀ ਕੇ ਪਿਆਲਾ।

ਸੰਗੀਤ ਮੰਡਲੀ (ਉਚੀ ਸੁਰ ਵਿਚ) :—

ਸੂਰਜ ਚੜ੍ਹਦਾ ਡੁਬਦਾ ਰਹਿਣਾ
ਕੁਦਰਤ ਦਾ ਦਸਤੂਰ ।
ਭਗਤ ਸਿੰਘ ਦਾ ਬਲੀਦਾਨ
ਸਦਾ ਖਿੜਾਉ ਨੂਰ ।

( ਪਰਦਾ )



'ਮਸੀਹਾ ਸੂਲੀ ਤੇ ਮੁਸਕ੍ਰਾਇਆ' ਪਹਿਲੀ ਦਫ਼ਾ 23 ਮਾਰਚ, 1980 ਨੂੰ ਭਗਤ ਸਿੰਘ ਦੀ ਸ਼ਹੀਦੀ ਵਾਲੀ ਰਾਤ ਉਸ ਦੇ ਜੱਦੀ ਪਿੰਡ ਖਟਕੜ ਕਲਾਂ (ਜਾਲੰਧਰ) ਵਿਚ ਪੰਜਾਬੀ ਕਲਾ ਕੇਂਦਰ ਚੰਡੀਗੜ੍ਹ ਵਲੋਂ ਪੇਸ਼ ਹੋਇਆ । ਹੇਠ ਦਰਜ ਕਲਾਕਾਰਾਂ ਤੇ ਵਿਅਕਤੀਆਂ ਨੇ ਭਾਗ ਲਿਆ :—

### ਮੰਚ ਉੱਤੇ

ਭਗਤ ਸੰਘ : ਜੋਗਾ ਸਿੰਘ
ਰਾਜ ਗੁਰੂ : ਸ਼ਾਮ ਕੁਮਾਰ ਸ਼ਰਮਾ
ਸੁਖਦੇਵ : ਗੁਰਮੀਤ ਗਿਲ
ਅਕਬਰ ਖਾਨ : ਨਵਰੀਤ ਸਿੰਘ
ਦੁਰਗਾ ਦੇਵੀ ਤੇ ਅਮਰ ਕੌਰ : ਨਿਰਮਲ ਕੌਰ
ਵਿਦਿਆ ਵਤੀ ਤੇ ਸੁਸ਼ੀਲਾ ਦੇਵੀ : ਪਰਵੀਨ ਪੂਰਬਾ
ਗਦਰੀ ਬਾਬਾ : ਨਵਤੇਜ ਸਿੰਘ
ਚੰਦਰ ਸ਼ੇਖਰ ਆਜ਼ਾਦ : ਬੀ. ਐਨ: ਸ਼ਰਮਾ
ਵੀ. ਕੇ. ਦੱਤ : ਵਿਜੈ ਕੁਮਾਰ
ਜੱਜ : ਮਹਿੰਦਰਜੀਤ ਬੈਂਸ
ਆਗਾ ਹੈਦਰ : ਰਮੇਸ਼ ਕੁਮਾਰ
ਕਿਸ਼ਨ ਸਿੰਘ : ਜਗਜੀਤ
ਕੋਲਡ ਸਟਰੀਮ : ਅਨਿਲ ਕੁਮਾਰ
ਸਾਰਜੈਂਟ ਟੈਰੀ : ਆਰ.ਸੀ. ਗਿਰਧਰ
ਬਬਰ ਅਕਾਲੀ : ਨਵਨੀਤ
ਪ੍ਰਾਣਨਾਥ ਮਹਿਤਾ : ਜਗਜੀਤ ਸਿੰਘ

### ਪਰਦੇ ਪਿੱਛੇ

ਨਾਟਕਕਾਰ : ਹਰਚਰਨ ਸਿੰਘ
ਨਿਰਮਾਤਾ : ਐਚ. ਐਸ. ਭੱਟੀ
ਨਿਰਦੇਸ਼ਕ : ਵਰਿਆਮ ਮਸਤ
ਸਹਿਯੋਗੀ : ਹਰਜੀਤ ਕੈਂਥ
ਸੰਗੀਤ ਨਿਰਦੇਸ਼ਕ : ਵਰਿਆਮ ਮਸਤ
ਕੋਸਟੀਊਮ ਤੇ ਸੈੱਟ ਡੀਜ਼ਾਈਨ : ਮਹਿੰਦਰਾ
ਵੇਸ ਭੂਸ਼ਾ : ਨਿਰਮਲ
ਪ੍ਰਬੰਧਕ ਪੇਸ਼ਕਾਰੀ : ਨਵਤੇਜ ਸਿੰਘ
ਰੋਸ਼ਨੀ ਵਿਉਂਤਕਾਰ : ਹਰਜੀਤ ਕੈਂਥ
ਸੰਗੀਤ ਮੰਡਲੀ : ਬਲਬੀਰ ਕੇ ਬਾਹਰੀ, ਰਮੇਸ਼, ਉਲਫਤ, ਦੁਰਗਾ ਬਹਾਦਰ, ਵਰਿੰਦਰ ਆਦਿ ।

# ਮਸੀਹਾ ਸੂਲੀ ਤੇ ਮੁਸਕ੍ਰਾਇਆ ਦੇ ਖੇਡਣ ਬਾਰੇ

ਸ਼ੁਰੂ ਤੋਂ ਹੀ ਮੈਂ ਆਪਣਾ ਹਰ ਨਾਟਕ ਰੰਗ ਮੰਚ ਉੱਤੇ ਖੇਡੇ ਜਾਣ ਲਈ ਲਿਖਿਆ ਹੈ। 'ਮਸੀਹਾ ਸੂਲੀ ਤੇ ਮੁਸਕ੍ਰਾਇਆ' ਤਾਂ ਉਚੇਚਾ ਹੀ ਇਕ ਖ਼ਾਸ ਪਿੰਡ ਵਿਚ ਖੇਡਣ ਲਈ ਰਚਿਆ ਗਿਆ ਸੀ।

ਇਕ ਵਿਸ਼ੇਸ਼ ਦਿਨ ਮੈਂ ਇਹ ਨਾਟਕ ਲਿਖਣ ਦੀ ਟੂੰਬ ਤੇ ਪ੍ਰੇਰਨਾ ਤਾਂ ਪ੍ਰਾਪਤ ਕਰ ਲਈ, ਪਰ ਜਦੋਂ ਮਸਾਲਾ ਇਕੱਠਾ ਕਰਕੇ ਲਿਖਣ ਬੈਠਾ ਤਾਂ ਖਿੰਡਰੀਆਂ ਪੁੰਡਰੀਆਂ ਘਟਨਾਵਾਂ ਨੂੰ ਨਾਟਕੀ ਰੂਪ ਵਿਚ ਸਮੇਟਣਾ ਬਹੁਤ ਔਖਾ ਲੱਗਾ। ਇਤਿਹਾਸਕ ਢੰਗ ਨਾਲ ਇਸ ਨੂੰ ਪੇਸ਼ ਕਰਨਾ ਮੈਨੂੰ ਪਸੰਦ ਨਹੀਂ ਸੀ। ਉਸ ਦੀ ਗੋਂਦ ਤੇ ਪਹੁੰਚ ਬਹੁਤ ਢਿੱਲੀ ਰਹਿੰਦੀ ਹੈ।

ਇਤਿਹਾਸਕ ਨਾਟਕ ਦਰਸ਼ਕਾਂ ਲਈ ਬਹੁਤ ਵਡਾ ਅਕਾਊ ਸਿਧ ਹੁੰਦਾ ਹੈ। ਦਿੱਲੀ ਦੀ ਇਕ ਘਟਨਾ ਮੈਨੂੰ ਯਾਦ ਸੀ। ਕੁਝ ਸਾਲ ਹੋਏ ਮਹਾਰਾਸ਼ਟਰ ਤੋਂ ਇਕ ਨਾਟਕ ਮੰਡਲੀ ਇਤਿਹਾਸਕ ਨਾਟਕ "ਸ਼ਾਹ ਜਹਾਨ" ਪੇਸ਼ ਕਰਨ ਆਈ ਸੀ। 26 ਝਾਕੀਆਂ ਵਿਚੋਂ 13 ਝਾਕੀਆਂ ਬਾਅਦ ਦਰਸ਼ਕ ਉਕਤਾ ਗਏ। ਪਹਿਲਾਂ ਤਾਲੀਆਂ ਤੇ ਸੀਟੀਆਂ ਨਾਲ ਅਤੇ ਪਿਛੋਂ ਰੌਲੇ ਰੱਪਿਆਂ ਨਾਲ ਦਰਸ਼ਕਾਂ ਨੇ ਪਰਦਾ ਗਿਰਾਣ ਲਈ ਨਿਰਦੇਸ਼ਕ ਨੂੰ ਮਜਬੂਰ ਕਰ ਦਿੱਤਾ। ਇਸੇ ਕਰਕੇ ਸੁਚੇਤ ਤੌਰ ਤੇ ਮੈਂ ਇਸ ਨਾਟਕ ਦੀਆਂ ਤਿੰਨ ਸਾਲਾਂ ਅੰਦਰ ਪਸਰੀਆਂ ਘਟਨਾਵਾਂ ਨੂੰ ਪਛਤਾਵੇਂ ਪ੍ਰਕਾਸ਼ ਦੀ ਵਿਧੀ ਰਾਹੀਂ ਨਾਟਕੀ ਰੂਪ ਦਾ ਝੋਲਾ ਦੇਣਾ ਜ਼ਰੂਰੀ ਸਮਝਿਆ।

ਨਾਟਕ ਲਿਖ ਲੈਣਾ ਏਨਾ ਔਖਾ ਕੰਮ ਨਹੀਂ, ਜਿੰਨਾ ਉਸ ਨੂੰ ਸਫ਼ਲਤਾ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕਰਨਾ। ਰੰਗ ਭੂਮੀ ਵਿਚ ਬੈਠੇ ਸਾਰੇ ਦਰਸ਼ਕ ਇੱਕੋ ਪੱਧਰ ਅਤੇ ਇਕੋ ਰੁਚੀ ਵਾਲੇ ਨਹੀਂ ਹੁੰਦੇ। ਖੁਲ੍ਹੇ ਮੰਚ ਉੱਤੇ ਤਾਂ ਹੋਰ ਵੀ ਮੁਸ਼ਕਲ ਹੁੰਦੀ ਹੈ। ਕਈ ਵਾਰ ਸਾਧਾਰਣ ਦਰਸ਼ਕ ਨਾਟਕ ਦੇ ਕੇਂਦਰੀ ਭਾਵ ਨੂੰ ਨਹੀਂ ਸਮਝਦਾ। 1975 ਵਿਚ ਪੰਜਾਬ ਦੇ ਪ੍ਰਸਿਧ ਕਲਾਕਾਰ ਹਰਪਾਲ ਟਿਵਾਣਾ ਨਿਰਦੇਸ਼ਿਤ 'ਹਿੰਦ ਦੀ ਚਾਦਰ' ਪੰਜ ਮਹੀਨੇ ਲਗਾਤਾਰ ਖੇਡਿਆ ਗਿਆ ਸੀ। ਸਾਡੇ ਪਿੰਡ ਖੇਡੇ ਜਾਣ ਵਾਲੀ ਰਾਤ ਨੂੰ ਦਸ ਹਜ਼ਾਰ ਤੋਂ ਵਧ ਹਾਜ਼ਰੀ ਸੀ। ਆਸ ਗੁਆਂਢ ਦੇ ਪਿੰਡਾਂ ਦੇ ਬੱਚੇ ਬੁੱਢੇ ਸਭ ਪੁਜੇ ਹੋਏ ਸਨ। ਕੁਝ ਦਿਨ ਬਾਅਦ ਮੈਂ ਪਿੰਡ ਗਿਆ ਤਾਂ ਇਕ ਬਜ਼ੁਰਗ ਮਾਈ ਕਹਿਣ ਲੱਗੀ, 'ਬੇ ਚਰਨ ਸਿਆਂ,'



ਸੁਣ, ਕੀਤ ਕਤੱਤਾ ਤਾਂ ਬਹੁਤ ਤਾ, ਪਰ ਪੁੱਤਾ ਪਿੜ ਪੱਲੇ ਕੁਛ ਨੀ ਪਿਆ। ਭਲਾ ਹੋਵੇ, ਤੂੰ ਸਾਨੂੰ ਜਾਂਦੀ ਵਾਰੀ ਗੁਰੂ ਮਹਾਰਾਜ (ਨਾਟਕ ਵਿਚ ਕਾਜ਼ੀ) ਦੇ ਦਰਸ਼ਨ ਕਰਾ ਤੇ। ਜੀਂਦਾ ਰੇਹ।'

ਨਾਟਕਕਾਰ ਦਾ ਕੰਮ ਤਾਂ ਸਕ੍ਰਿਪਟ ਲਿਖ ਕੇ ਕਾਫ਼ੀ ਹਦ ਤਕ ਖ਼ਤਮ ਹੋ ਜਾਂਦਾ ਹੈ ਪਰ ਨਿਰਦੇਸ਼ਕ ਦੀ ਜ਼ਿੰਮੇਵਾਰੀ ਪੇਸ਼ਕਾਰੀ ਸਮੇਂ ਸਿਖਰ ਤੇ ਹੁੰਦੀ ਹੈ। ਪਿੰਡਾਂ ਵਿਚ ਰੋਸ਼ਨੀ ਤੇ ਆਵਾਜ਼ ਦਾ ਵੀ ਸਹੀ ਪ੍ਰਬੰਧ ਨਹੀਂ ਹੁੰਦਾ। ਖੜਕਵ ਕਲਾ ਭਾਵੇਂ ਅਸੀਂ ਰੋਸ਼ਨੀ ਦਾ ਸਾਰਾ ਸਮਾਨ ਨਾਲ ਲੈ ਕੇ ਗਏ ਸੀ, ਫੇਰ ਵੀ ਉਹ ਕਾਫ਼ੀ ਨਹੀਂ ਸੀ। ਦਰਸ਼ਕਾਂ ਦੀ ਗਿਣਤੀ ਪੰਜ ਹਜ਼ਾਰ ਤੋਂ ਕਿਤੇ ਵਧ ਸੀ। ਫੇਰ ਮੇਲੇ ਦਾ ਮਾਹੌਲ ਸੀ। ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਨਿਰਦੇਸ਼ਕ ਰਹਿਆਮ ਮਸਤ ਨੇ ਸਭ ਅਦਾਕਾਰਾਂ ਨੂੰ ਕਿਹਾ, 'ਦੋਸਤੋ, ਐਹੋ ਜਹੇ ਮਹੌਲ ਵਿਚ ਸਾਡੀ ਕਾਮਯਾਬੀ ਤਾਂ ਹੀ ਸੰਭਵ ਹੈ ਜੇ ਹਰ ਘਟੋ ਘਟ ਦਰਸ਼ਕਾਂ ਤਕ ਹਰ ਗਲ ਸਪਸ਼ਟਤਾ ਨਾਲ ਪੁੱਜੇ। ਤੁਸੀਂ ਅਦਾਕਾਰੀ ਦੀਆਂ ਬਰੀਕੀਆਂ ਮਗਰ ਨਾ ਜਾਇਓ, ਮਾਈਕ ਵਲ ਮੂੰਹ ਕਰਕੇ ਉੱਚਾ ਬੋਲਿਓ।" ਅਜਿਹੀ ਸਥਿਤੀ ਵਿਚ ਅਦਾਕਾਰ ਦੀ ਸੂਖਮ ਕਲਾਕਾਰੀ ਕੀ ਕਰੇਗੀ ?

ਦਰਸ਼ਕਾਂ ਦੀ ਗਿਣਤੀ ਨਾਟਕ ਦੀ ਪੇਸ਼ਕਾਰੀ ਤੇ ਡੂੰਘਾ ਅਸਰ ਪਾਉਂਦੀ ਰਹੀ ਹੈ। ਯੂਨਾਨੀ ਤੇ ਸੰਸਕ੍ਰਿਤ ਨਾਟ ਪਰੰਪਰਾਵਾਂ ਦੀ ਉਦਾਹਰਣ ਹੀ ਲਓ। ਯੂਨਾਨੀ ਨਾਟਕ ਹਜ਼ਾਰਾਂ ਦਰਸ਼ਕਾਂ ਸਾਹਮਣੇ ਪੇਸ਼ ਹੁੰਦਾ ਸੀ। ਪਹਾੜੀ ਦੀ ਟੀਸੀ ਤਕ ਲੋਕੀ ਬੈਠੇ ਹੁੰਦੇ ਸਨ। ਸਟੇਜ ਨੀਵੀਂ ਹੋਣ ਕਰਕੇ ਪਾਤਰਾਂ ਨੂੰ ਮੂੰਹਾਂ ਤੇ ਮਖੌਟੇ ਤੇ ਫੁਟ ਫੁਟ ਉਚੇ ਬੂਟ ਪਾਣੇ ਪੈਂਦੇ ਸਨ। ਨਾਟਕ ਦੀ ਮੂਲ ਕਹਾਣੀ ਦਾ ਸਭ ਨੂੰ ਪਹਿਲਾਂ ਪਤਾ ਹੁੰਦਾ ਸੀ। ਸਾਰਾ ਨਾਟਕ ਕਵਿਤਾ ਤੇ ਗੀਤਾਂ ਵਿਚ ਹੁੰਦਾ ਸੀ। ਨਾਇਕ ਭਾਣੇ ਵਿਰੁਧ ਲੜਦਾ ਹਾਰ ਜਾਂਦਾ ਸੀ ਪਰ ਮਨੁੱਖੀ ਗੌਰਵਤਾ ਕਾਇਮ ਰਹਿੰਦੀ ਸੀ।

ਯੂਨਾਨੀ ਲੋਕ ਤੰਤਰੀ ਕਲਾ ਦੇ ਟਾਕਰੇ ਤੇ ਸੰਸਕ੍ਰਿਤ ਨਾਟਕ ਰਾਜੇ ਮਹਾਰਾਜਿਆਂ ਦੀ ਸਰਪ੍ਰਸਤੀ ਹੇਠ ਲਿਖੇ ਤੇ ਖੇਡੇ ਜਾਂਦੇ ਸਨ। ਨਾਟਕ ਰਾਜ ਦਰਬਾਰਾਂ ਵਿਚ ਪੇਸ਼ ਹੁੰਦੇ ਸਨ ਜਿਥੇ ਸਾਧਾਰਣ ਦਰਸ਼ਕ ਦੀ ਕੋਈ ਪਹੁੰਚ ਨਹੀਂ ਸੀ। ਦਰਸ਼ਕਾਂ ਦੀ ਵਧ ਤੋਂ ਵਧ ਗਿਣਤੀ ਵਾਈ ਸੌ ਦੱਸੀ ਜਾਂਦੀ ਹੈ। ਉਦੇਸ਼ ਰਸਾਂ ਦਾ ਨਿਰੂਪਣ ਸੀ। ਅੱਖਾਂ, ਬਾਹਾਂ ਤੇ ਸਰੀਰ ਦੇ ਕੋਮਲ ਅੰਗਾਂ ਦੀਆਂ ਖਿਚ ਭਰਪੂਰ ਅਦਾਵਾਂ ਤੋਂ ਬਿਨਾ ਸ਼ਿੰਗਾਰ ਰਸ ਕਿਵੇਂ ਪੈਦਾ ਹੋ ਸਕਦਾ ਸੀ। ਦਰਸ਼ਕ ਅਦਾਕਾਰ ਦੀ ਸੂਖਮ ਤੋਂ ਸੂਖਮ ਅਦਾ ਧਿਆਨ ਨਾਲ ਦੇਖ ਸਕਦਾ ਸੀ। ਸੋ ਦਰਸ਼ਕਾਂ ਦੀ ਗਿਣਤੀ ਪੱਧਰ ਤੇ ਰੁਚੀ ਕਾਰਨ ਦੋਹਾਂ ਨਾਟ ਪਰੰਪਰਾਵਾਂ ਤੇ ਕਲਾਵਾਂ ਵਿਚ ਭਾਰੀ ਫ਼ਰਕ ਪਿਆ।

ਪੰਜਾਬੀ ਕਲਾ ਕੇਂਦਰ, ਚੰਡੀਗੜ੍ਹ ਵਲੋਂ ਇਸ ਨਾਟਕ ਨੂੰ ਭਗਤ ਸਿੰਘ ਦੀ ਸ਼ਹੀਦੀ ਦੇ ਪੰਜਾਹਵੇਂ ਵਰ੍ਹੇ 1980 ਵਿਚ ਸਾਲ ਭਰ ਵੱਖੋ ਵਖ ਥਾਵਾਂ ਤੇ ਖੇਡਣ ਦਾ ਪ੍ਰੋਗਰਾਮ ਹੈ। ਇਹ ਖੁਲ੍ਹੇ ਮੰਚ ਤੇ ਵੀ ਪੇਸ਼ ਹੁੰਦਾ ਹੈ ਅਤੇ ਟੈਗੋਰ ਥੀਏਟਰ ਵਰਗੇ ਵਿਕਸਿਤ ਮੰਚ ਉਤੇ ਵੀ

ਖੇਡਿਆ ਗਿਆ ਹੈ। ਇਸੇ ਕਰਕੇ ਇਸ ਦੀ ਮੰਚ ਜੜਤ ਸੁਭਾਊ, ਹਲਕੀ ਤੇ ਵਲੇਟਵੀਂ ਰਖੀ ਗਈ ਹੈ।

ਇਤਿਹਾਸਕ ਵਿਸ਼ੇ ਵਾਲੇ ਨਾਟਕ ਵਿਚ ਸੀਨ ਸੈਟਿੰਗ ਤੇ ਵੇਸ-ਭੂਸ਼ਾ ਦਾ ਖਾਸ ਮਹੱਤਵ ਹੁੰਦਾ ਹੈ। ਨਾਟਕ ਦੀ ਪ੍ਰਕ੍ਰਿਤੀ ਅਨੁਸਾਰ ਮੰਚ ਜੜਤ ਤੇ ਪੁਸ਼ਾਕਾਂ ਦਾ ਮੇਲ ਕਰਨਾ ਪੈਂਦਾ ਹੈ। ਸੈਟਿੰਗ ਹੀ ਕਾਰਜ ਤੇ ਭਾਵ ਨੂੰ ਤੀਖਣਤਾ ਦਿੰਦੀ ਹੈ। ਚੰਡੀਗੜ੍ਹ ਦੇ ਪ੍ਰਸਿਧ ਕਲਾਕਾਰ ਮਹਿੰਦਰਾ ਤੋਂ ਇਸ ਦਾ ਸੈੱਟ ਤੇ ਪੁਸ਼ਾਕਾਂ ਡੀਜ਼ਾਈਨ ਕਰਵਾਈਆਂ ਗਈਆਂ ਹਨ, ਉਨ੍ਹਾਂ ਨੂੰ ਅਮਲੀ ਰੂਪ ਭਾਵੇਂ ਹਰਜੀਤ ਕੌਂਥ ਨੇ ਦਿੱਤਾ ਹੈ।

ਖੇਡ ਨੂੰ ਰੋਚਕ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਗੀਤ ਸੰਗੀਤ ਦੀ ਵਰਤੋਂ ਅਜ ਆਮ ਹੋ ਰਹੀ ਹੈ। ਦਰਸ਼ਕ ਦੀ ਪਹਿਲੀ ਮੰਗ ਮਨ ਪਰਚਾਵਾਂ ਹੈ। ਔਖੀ ਤੋਂ ਔਖੀ ਗਲ ਨੂੰ ਸੁਆਦਲੇ ਤੇ ਰਸਦਾਇਕ ਢੰਗ ਨਾਲ ਪੇਸ਼ ਕਰਨਾ ਪੈਂਦਾ ਹੈ. ਥੀਏਟਰ ਦਾ ਮਾਧਿਅਮ ਸਭ ਤੋਂ ਸ਼ਕਤੀ-ਸ਼ਾਲੀ ਹੈ ਜੇ ਕਰ ਇਸ ਨੂੰ ਨਿਰੋਲ ਪ੍ਰਚਾਰ ਦਾ ਸਾਧਨ ਨਾ ਬਣਾਇਆ ਜਾਵੇ। ਗੀਤ ਇਸ ਨਾਟਕ ਦਾ ਜ਼ਰੂਰੀ ਭਾਗ ਹਨ। ਇਸ ਦੇ ਸੂਰਬੀਰ ਪਾਤਰ ਅਦਾਲਤਾਂ, ਜੇਲ੍ਹਾਂ ਤੇ ਜਲਸਿਆਂ ਵਿਚ ਗੀਤ ਗਾਂਦੇ ਸਨ। ਇਥੋਂ ਤਕ ਕਿ ਸਪੈਸ਼ਲ ਟ੍ਰਿਬਿਊਨਲ ਵਿਚ ਵੀ ਉਹ ਗੀਤ ਗਾਣ ਤੋਂ ਨਹੀਂ ਸਨ ਟਲੇ। ਇਤਿਹਾਸਕ ਵਾਤਾਵਰਣ ਨੂੰ ਸਥਾਪਤ ਕਰਨ ਲਈ ਮੈਂ ਕੁਝ ਵਿਸ਼ੇਸ਼ ਗੀਤ ਉਹੋ ਰੱਖੇ ਹਨ ਜੋ ਭਗਤ ਸਿੰਘ ਤੇ ਉਸ ਦੇ ਸਾਥੀ ਗਾਇਆ ਕਰਦੇ ਸਨ।

ਲਿਖਤੀ ਰੂਪ ਵਿਚ ਨਾਟਕ ਯਥਾਰਥਕ ਢੰਗ ਨਾਲ ਸਹਿਜ ਸੁਭਾ ਸ਼ੁਰੂ ਹੁੰਦਾ ਹੈ। ਖੁਲ੍ਹੇ ਮੰਚ ਉਤੇ ਪ੍ਰਥਮ ਪੇਸ਼ਕਾਰੀ ਦੀ ਲੋੜ ਨੂੰ ਮੁਖ ਰਖਦਿਆਂ ਨਿਰਦੇਸ਼ਕ ਨੇ ਮੇਰੀ ਸਲਾਹ ਨਾਲ ਨਾਟਕ ਦੇ ਆਰੰਭ ਵਿਚ ਸੰਤ ਰਾਮ ਉਦਾਸੀ ਦਾ ਹੇਠ ਦਰਜ ਪ੍ਰਸਿਧ ਗੀਤ ਗਵਾਇਆ ਸੀ। ਨਾਟਕ ਦਾ ਅੰਤਮ ਗੀਤ ਸਵਰਗੀ ਬਾਵਾ ਬਲਵੰਤ ਦਾ ਲਿਖਿਆ ਹੋਇਆ ਹੈ :—

ਐ ਕਿਸਾਨੋ, ਕਿਰਤੀਓ, ਕਿਰਤਾਂ ਲੁਟਾਵਣ ਵਾਲਿਓ,
ਅਣਦਿਸਦੇ ਡੁਲਦੇ ਲਹੂ ਨੂੰ, ਠੱਲ੍ਹਾਂ ਲਗਾਵਣ ਵਾਲਿਓ।

ਐ ਵਤਨ ਦੇ ਆਸ਼ਕੋ, ਮੰਜ਼ਲ ਬੜੀ ਦੂਰਾਂ ਦੀ ਹੈ,
ਹਰ ਕਦਮ ਤੇ ਫਾਂਸੀਆਂ, ਹੁਣ ਲੋੜ ਮਨਸੂਰਾਂ ਦੀ ਹੈ।

ਜੁਸਿਆਂ ਵਿਚ ਅਣਖ ਦਾ ਸਾਹ ਭਰਨ ਦੀ ਬਸ ਲੋੜ ਹੈ,
ਤੇ ਤਾਣ ਸੀਨਾ ਜ਼ੁਲਮ ਅੱਗੇ, ਖੜਨ ਦੀ ਬਸ ਲੋੜ ਹੈ।

ਜ਼ੁਲਮ ਦਾ ਸਹਿਣਾ ਇਹ, ਸੱਚੇ ਰਬ ਦੀ ਹੈ ਬੰਦਗੀ,
ਤੇ ਸੱਚ ਲਈ ਮਰਕੇ ਹੈ ਮਿਟ ਜਾਣਾ ਹੀ ਅਸਲੀ ਜ਼ਿੰਦਗੀ।



## ਅੰਤਿਕਾ

# ਸ਼ਹੀਦ ਭਗਤ ਸਿੰਘ ਬਾਰੇ ਕੁਝ ਵਿਸ਼ੇਸ਼ ਰਾਵਾਂ

ਉਸ ਦੀ ਹਿੰਮਤ ਦਾ ਅੰਦਾਜ਼ਾ ਲਗਾਣਾ ਅਸੰਭਵ ਹੈ। ਫਾਂਸੀ ਨੇ ਇਨ੍ਹਾਂ ਨੌਜਵਾਨਾਂ ਦੇ ਸਿਰ ਤੇ ਸੂਰਬੀਰਤਾ ਦਾ ਤਾਜ ਰਖ ਦਿੱਤਾ ਹੈ। ਇਨ੍ਹਾਂ ਨੌਜਵਾਨਾਂ ਦੀ ਪ੍ਰਸੰਸਾ ਵਿਚ ਜੋ ਵੀ ਸ਼ਬਦ ਕਹੇ ਗਏ ਹਨ ਮੈਂ ਉਨ੍ਹਾਂ ਨਾਲ ਸਹਿਮਤ ਹਾਂ। ਸਾਨੂੰ ਉਨ੍ਹਾਂ ਦੀ ਕੁਰਬਾਨੀ, ਬਹਾਦਰੀ ਅਤੇ ਅਸੀਮਤ ਹਿੰਮਤ ਦੀ ਸ਼ਲਾਘਾ ਕਰਨੀ ਚਾਹੀਦੀ ਹੈ ਭਾਵੇਂ ਅਸੀਂ ਆਪਣੀ ਹਿੰਮਤ ਨੂੰ ਉਸੇ ਤਰ੍ਹਾਂ ਨਾ ਵਰਤੀਏ ਜਿਵੇਂ ਕਿ ਉਨ੍ਹਾਂ ਵਰਤਿਆ।

—ਮਹਾਤਮਾ ਗਾਂਧੀ

ਇਹ ਛੋਕਰਾ, ਅਚਾਨਕ ਹੀ ਇੰਨਾ ਲੋਕ ਪ੍ਰੀਆ ਅਤੇ ਦੂਜਿਆਂ ਲਈ ਇਕ ਰਹਿਨੁਮਾ ਬਣ ਗਿਆ ਹੈ ਕਿ ਮਹਾਤਮਾ ਗਾਂਧੀ ਵੀ ਜੋ ਅਹਿੰਸਾ ਦਾ ਪ੍ਰਚਾਰਕ ਹੈ ਅਜ ਭਗਤ ਸਿੰਘ ਦੀ ਪ੍ਰਸੰਸਾ ਕਰਦਾ ਹੈ। ਉਂਜ ਤਾਂ ਪਿਸ਼ਾਵਰ, ਸ਼ੋਲਾਪੁਰ, ਬੰਬਈ ਤੇ ਦੂਜੀਆਂ ਥਾਵਾਂ ਤੇ ਸੈਂਕੜੇ ਲੋਕਾਂ ਨੇ ਕੁਰਬਾਨੀਆਂ ਕੀਤੀਆਂ ਹਨ, ਪਰ ਭਗਤ ਸਿੰਘ ਦੀ ਦੇਣ ਤੇ ਬਹਾਦਰੀ ਸਭ ਤੋਂ ਉੱਚ ਪ੍ਰਕਾਰ ਦੀ ਹੈ। ਸਾਨੂੰ ਭਗਤ ਸਿੰਘ ਤੋਂ ਇਹ ਸਬਕ ਸਿਖਣਾ ਚਾਹੀਦਾ ਹੈ ਕਿ ਦੇਸ਼ ਲਈ ਦਲੇਰੀ ਨਾਲ ਕਿਵੇਂ ਮਰੀਏ।

—ਪੰਡਤ ਜਵਾਹਰ ਲਾਲ ਨਹਿਰੂ

ਭਗਤ ਸਿੰਘ ਅਜ ਇਕ ਵਿਅਕਤੀ ਨਹੀਂ, ਸਗੋਂ ਇਕ ਚਿੰਨ੍ਹ ਹੈ। ਉਹ ਇਨਕਲਾਬ ਦੀ ਭਾਵਨਾ ਦਾ ਚਿੰਨ੍ਹ ਹੈ ਜਿਹੜੀ ਸਾਰੇ ਦੇਸ਼ ਵਿਚ ਛਾ ਗਈ ਹੈ।

—ਨੇਤਾ ਸੁਭਾਸ਼ ਚੰਦਰ ਬੋਸ

ਭਗਤ ਸਿੰਘ ਦਾ ਨਾਂ ਸੁਣਦਿਆਂ ਹੀ ਦਿਲ ਵਿਚ ਬਿਜਲੀ ਜਿਹੀ ਝੁਣਕਾਰਾ ਮਾਰ ਜਾਂਦੀ ਹੈ। ਥੋੜ੍ਹੀ ਦੇਰ ਲਈ ਇਨਸਾਨੀ ਕਮਜ਼ੋਰੀਆਂ ਦੂਰ ਹੋ ਜਾਂਦੀਆਂ ਹਨ ਅਤੇ ਹਰੇਕ ਵਿਅਕਤੀ ਆਪਣੇ ਆਪ ਨੂੰ ਜਾਗ੍ਰਿਤ ਦੀ ਇਕ ਨਵੀਂ ਦੁਨੀਆਂ ਵਿਚ ਪਾਉਂਦਾ ਹੈ।

—ਸਮਾਜਵਾਦੀ ਅੰਦੋਲਨ ਦੇ ਮਹਾਨ ਨੇਤਾ ਆਚਾਰਯ ਨਰਿੰਦਰ ਦੇਵ

ਭਗਤ ਸਿੰਘ ਭਾਰਤ ਦਾ ਪ੍ਰਮੁਖ ਸੁਤੰਤਰਤਾ ਸੰਗ੍ਰਾਮੀਆ ਹੀ ਨਹੀਂ ਸੀ ਸਗੋਂ ਮੁਢਲਾ ਮਾਰਕਸਵਾਦੀ ਚਿੰਤਕ ਤੇ ਸਿਧਾਂਤਕਾਰ ਵੀ ਸੀ। ਉਸ ਦੇ ਰਾਜਸੀ ਵਿਚਾਰ ਤੇ ਅਮਲ ਬਹੁਤ ਛੋਟੀ ਉਮਰ ਵਿਚ ਪਕਣੇ ਸ਼ੁਰੂ ਹੋ ਗਏ ਸਨ। ਉਹ ਬੜੀ ਛੇਤੀ ਗਾਂਧੀ ਰਾਸ਼ਟਰਵਾਦ ਤੋਂ ਇਨਕਲਾਬੀ ਅੱਤਵਾਦੀ ਬਣਿਆ ਪਰ 1927-28 ਤੋਂ ਬਾਅਦ ਉਹ ਵਿਦਰੋਹੀ ਤੇ ਅੱਤਵਾਦੀ ਤੋਂ ਮਾਰਕਸਵਾਦ ਵਲ ਪਰਤ ਚੁੱਕਾ ਸੀ। 1925 ਤੋਂ 1928 ਤਕ ਭਗਤ ਸਿੰਘ ਨੇ ਬੇਹੱਦ ਕਿਤਾਬਾਂ ਪੜ੍ਹੀਆਂ। ਆਪਣੇ ਕਾਲ ਦੇ ਸੁਤੰਤਰਤਾ ਸੰਗਰਾਮੀਆਂ ਵਿਚੋਂ ਉਸ ਨੇ ਸਭ ਤੋਂ ਵਧ ਅਧਿਅਨ ਕੀਤਾ ਸੀ। 1928 ਤੋਂ ਬਾਅਦ ਉਹ ਸਮਾਜਵਾਦ ਦਾ ਹਾਮੀ ਬਣ ਚੁੱਕਾ ਸੀ।

—ਡਾ: ਬਿਪਨ ਚੰਦਰ

ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਭਗਤ ਸਿੰਘ ਦਾ ਨਾਂ ਭਾਰਤ-ਭਰ ਵਿਚ ਉਤਨਾ ਹੀ ਹਰਮਨ ਪਿਆਰਾ ਸੀ, ਜਿਤਨਾ ਗਾਂਧੀ ਜੀ ਦਾ। ਫੇਰ ਇਹ ਵੀ ਸਪਸ਼ਟ ਹੈ ਕਿ ਉਦੋਂ ਤੋਂ ਵਕਤ ਦੀਆਂ ਹਨੇਰੀਆਂ ਨੇ ਇਤਨੀ ਧੂੜ ਉਡਾਈ ਹੈ ਕਿ ਮਾਣ ਦੇ ਕਈ ਟਿੱਲੇ ਉਸ ਵਿਚ ਦੱਬੇ ਗਏ ਹਨ, ਪਰ ਭਗਤ ਸਿੰਘ ਦਾ ਲੋਕ-ਪ੍ਰੀਅ ਹੋਣਾ ਅੱਗੇ ਅੱਗੇ ਵਧਦਾ ਚਲਾ ਗਿਆ ਹੈ। ਇਤਿਹਾਸ ਦਾ ਇਹ ਮਹੱਤਵ ਪੂਰਨ ਪ੍ਰਸ਼ਨ ਹੈ ਕਿ ਉਸਦੇ ਵਧਾਏ ਹਰਮਨ ਪਿਆਰਾ ਹੋਣ ਦਾ ਭੇਦ ਕੀ ਹੈ ?

—ਡਾ: ਪੱਟਾਭਾਈ ਸੀਤਾ ਰੱਮਈਆ

ਭਗਤ ਸਿੰਘ ਸੱਚਾ ਇਨਕਲਾਬੀ ਹੈ ਅਤੇ ਵਿਸ਼ਵਾਸ਼ ਰਖਦਾ ਹੈ ਕਿ ਮੌਜੂਦਾ ਸਮਾਜਿਕ ਢਾਂਚੇ ਨੂੰ ਖਤਮ ਕਰਕੇ ਸੰਸਾਰ ਨੂੰ ਸੁਧਾਰਿਆ ਜਾ ਸਕਦਾ ਹੈ।

-- ਜਸਟਿਸ ਫੋਰਡ ਬੰਬ ਕੇਸ (ਅਸੈਂਬਲੀ ਜੱਜ)



# ਭਗਤ ਸਿੰਘ ਦੀ ਜੀਵਨ ਬਿਤਾਵਲੀ

1907 27 ਸਤੰਬਰ ਜਨਮ ਪਿੰਡ ਬੰਗਾ, 105 ਜੇ. ਬੀ. ਜ਼ਿਲਾ ਲਾਇਲਪੁਰ।

1912 ਚੱਕ ਦੇ ਡੀ. ਬੀ. ਪ੍ਰਾਇਮਰੀ ਸਕੂਲ ਵਿਚ ਦਾਖਲ।

1921 ਕੌਮੀ ਕਾਲਜ ਲਾਹੌਰ ਵਿਚ ਦਾਖਲ।

1923 ਕੌਮੀ ਕਾਲਜ ਤੋਂ ਐਫ਼. ਏ. ਪਾਸ।

1924 ਸ਼ਾਦੀ ਤੋਂ ਸਾਫ ਇਨਕਾਰ।

1924 ਸ਼ਾਦੀ ਦੇ ਡਰੋਂ ਪੜ੍ਹਾਈ ਵਿਚੇ ਛੱਡ ਕੇ ਕਾਨ੍ਹਪੁਰ।

1925 ਦਾਦੀ ਦੇ ਬਿਮਾਰ ਹੋਣ ਤੇ ਲਾਹੌਰ ਵਾਪਸੀ।

1925 ਚੱਕ ਵਿਚ ਜੈਤੋ ਦੇ ਮੋਰਚੇ ਦੇ ਅਕਾਲੀ ਜਥੇ ਦਾ ਸਵਾਗਤ ਅਤੇ ਵਾਰੰਟ ਜਾਰੀ।

1926 ਲਾਹੌਰ ਵਿਚ ਨੌਜਵਾਨ ਭਾਰਤ ਸਭਾ ਦੀ ਨੀਂਹ ਰੱਖੀ।

1927 ਲਾਹੌਰ ਵਿਚ ਦੁਸਹਿਰਾ ਬੰਬ ਕੇਸ ਦੇ ਸੰਬੰਧ ਵਿਚ ਗ੍ਰਿਫਤਾਰੀ।

1928 ਲਾਹੌਰ ਵਿਦਿਆਰਥੀ ਸੰਘ ਦਾ ਸੰਗਠਨ।

1928 ਕੋਟਲਾ ਫਿਰੋਜ਼ ਸ਼ਾਹ, ਦਿੱਲੀ ਵਿਚ ਹਿੰਦੁਸਤਾਨ ਰਿਪਬਲੀਕਨ ਐਸੋਸੀਏਸ਼ਨ ਦੀ ਮੀਟਿੰਗ ਵਿਚ ਭਾਗ ਲਿਆ।

1928 17 ਦਸੰਬਰ ਸਾਂਡਰਸ ਦਾ ਲਾਹੌਰ ਵਿਚ ਕਤਲ।

1929 ਆਗਰਾ ਹੀਂਗ ਦੀ ਮੰਡੀ ਵਿਚ ਬੰਬ ਸੁਟੱਣ ਦੀ ਵਿਉਂਤ।

1929 8 ਅਪ੍ਰੈਲ ਅਸੈਂਬਲੀ ਵਿਚ ਬੰਬ ਤੇ ਗ੍ਰਿਫਤਾਰੀ।

1929 7 ਮਈ ਅਸੈਂਬਲੀ ਵਿਚ ਬੰਬ ਕੇਸ ਦੀ ਸੁਣਵਾਈ ਸ਼ੁਰੂ ।

1929 6 ਜੂਨ ਨੂੰ ਅਦਾਲਤ ਵਿਚ ਇਤਿਹਾਸਕ ਬਿਆਨ ਪੜ੍ਹਿਆ ।

1929 12 ਜੂਨ ਬੰਬ ਕੇਸ ਦਾ ਫੈਸਲਾ, ਉਮਰ ਕੈਦ ।

1929 15 ਜੂਨ ਜੇਲ੍ਹ ਵਿਚ ਇਤਿਹਾਸਕ ਭੁਖ ਹੜਤਾਲ ਸ਼ੁਰੂ ।

1929 2 ਸਤੰਬਰ ਭੁਖ ਹੜਤਾਲ ਛੱਡੀ ।

1929 4 ਸਤੰਬਰ ਭੁਖ ਹੜਤਾਲ ਦੁਬਾਰਾ ਸ਼ੁਰੂ ।

1929 13 ਸਤੰਬਰ ਜਤਿੰਦਰ ਨਾਥ ਦਾਸ ਦਾ ਚਲਾਣਾ ।

1929 14 ਸਤੰਬਰ ਭੁਖ ਹੜਤਾਲ ਖਤਮ ਕੀਤੀ ।

1930 ਫਰਵਰੀ ਪੰਜਾਬ ਜੇਲ੍ਹ ਇਨਕੁਆਇਰੀ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰਵਾਉਣ ਲਈ ਫਿਰ ਭੁਖਤਾਲ ।

1930 7 ਅਕਤੂਬਰ ਲਾਹੌਰ ਸਾਜ਼ਿਸ਼ ਕੇਸ ਦਾ ਫੈਸਲਾ ਫਾਂਸੀ ਦੀ ਸਜ਼ਾ ।

1931 ਡੀਫੈਂਸ ਕੌਂਸਲ ਵਲੋਂ ਪ੍ਰੀਵੀ ਕੌਂਸਲ ਵਿਚ ਅਪੀਲ ।

1931 10 ਫਰਵਰੀ ਨੂੰ ਅਪੀਲ ਰੱਦ ।

1931 23 ਮਾਰਚ ਸਤ ਵਜੇ ਸ਼ਾਮ ਫਾਂਸੀ ।

1931 24 ਮਾਰਚ ਫਿਰੋਜ਼ਪੁਰ ਲਾਗੇ ਗੁਪਤ ਸਸਕਾਰ ।

ਅਰਥਾਂ ਵਿਚ ਭੇੜਿਆ ਜਾਂਦਾ ਹੈ। ਪਿਸਤੌਲ ਤੇ ਬੰਬ ਇਨਕਲਾਬ ਨਹੀਂ ਲਿਆਉਂਦੇ, ਸਗੋਂ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ ਉੱਤੇ ਤੇਜ਼ ਹੁੰਦੀ ਹੈ। ਸਾਡੇ ਇਨਕਲਾਬ ਦਾ ਸਹੀ ਅਰਥ ਗੁਲਾਮੀ ਦੇ ਸੰਗਲ ਕਟਣਾ ਹੀ ਨਹੀਂ, ਸਗੋਂ ਪੂੰਜੀਵਾਦ ਨੂੰ ਜੜੋਂ ਪੁੱਟਣਾ ਵੀ ਹੈ।

ਜੱਜ : ਗੋਯਾ ਕਿਸੇ ਨੂੰ ਮਾਰਨ ਦਾ ਤੁਹਾਡਾ ਇਰਾਦਾ ਨਹੀਂ ਸੀ।

ਭਗਤ : ਨਹੀਂ, ਮਾਈ ਲਾਰਡ, ਜੇਕਰ ਅਸੀਂ ਕੁਝ ਵਿਅਕਤੀਆਂ ਦੀ ਹੱਤਿਆ ਕਰਨ ਦੇ ਇੱਛਕ ਹੁੰਦੇ ਤਾਂ ਆਪਣੇ ਮੁੱਖ ਮਨੋਰਥ ਵਿਚ ਨਾਕਾਮਯਾਬ ਹੋ ਜਾਂਦੇ। ਸਾਨੂੰ ਬੰਬਾਂ ਦੀ ਸੀਮਿਤ ਸ਼ਕਤੀ ਦਾ ਗਿਆਨ ਨਾ ਹੁੰਦਾ ਤਾਂ ਅਸੀਂ ਪੰਡਤ ਮੋਤੀ ਲਾਲ ਨਹਿਰੂ, ਪੰਡਤ ਮਦਨ ਮੋਹਨ ਮਾਲਵੀਆ, ਮਿਸਟਰ ਜਿਨਾਹ ਵਰਗੇ ਸਨਮਾਨ ਯੋਗ ਕੌਮੀ ਲੀਡਰਾਂ ਦੀਆਂ ਜਾਨਾਂ ਨੂੰ ਕਿੱਦਾਂ ਖਤਰੇ 'ਚ ਪਾ ਸਕਦੇ ਸਾਂ। ਅਸੀਂ ਸਜ਼ਾ ਵਿਚ ਕਮੀ ਕਰਾਉਣ ਲਈ ਬਿਆਨ ਨਹੀਂ ਦੇ ਰਹੇ, ਸਿਰਫ ਆਪਣੀ ਸਥਿਤੀ ਸਪਸ਼ਟ ਕਰਨੀ ਚਾਹੁੰਦੇ ਹਾਂ। ਸਾਡੇ ਮਕਸਦ ਨੂੰ ਗਲਤ ਬਿਆਨਿਆ ਜਾ ਰਿਹਾ ਹੈ। ਅਸੀਂ ਹਰਗਿਜ਼ ਕੋਈ ਰਿਆਇਤ ਨਹੀਂ ਚਾਹੁੰਦੇ। ਸਜ਼ਾ ਦੀ ਸਾਨੂੰ ਕੋਈ ਪਰਵਾਹ ਨਹੀਂ।

ਦੋਵੇਂ ਇਕੱਠੇ : ਇਨਕਲਾਬ : ਜ਼ਿੰਦਾਬਾਦ !

ਸਾਮਰਾਜ : ਮੁਰਦਾਬਾਦ !

ਜੱਜ : ਦੋਹਾਂ ਮੁਲਜ਼ਮਾਂ ਨੇ ਆਪਣਾ ਦੋਸ਼ ਪੂਰੀ ਤਰ੍ਹਾਂ ਮਨ ਲਿਆ ਹੈ। ਗਵਾਹੀਆਂ ਫੈਸਲਾ ਕੁਨ ਹਨ। ਇਸ ਵਾਸਤੇ ਮੈਂ ਅਸੈਂਬਲੀ ਬੰਬ ਕੇਸ ਦਾ ਫੈਸਲਾ ਸੁਣਾਉਂਦਾ ਹਾਂ —

ਇਕ ਦਮ ਸਾਰੀ ਕਚਹਿਰੀ ਵਿਚ ਗੰਭੀਰਤਾ ਛਾ ਜਾਂਦੀ ਹੈ।

ਜੱਜ : ਤਾਜ਼ੀਰਾਤ ਹਿੰਦ ਦੀ ਦਫ਼ਾ 207 ਅੋਰ ਵਿਸਫੋਟਕ ਪਦਾਰਥ ਦੀ ਧਾਰਾ 3 ਦੇ ਅਧੀਨ ਦੋਹਾਂ ਮੁਜਰਮਾਂ, ਭਗਤ ਸਿੰਘ ਔਰ ਬੀ. ਕੇ. ਦੱਤ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਜਾਂਦੀ ਹੈ।

ਦੋਵੇਂ ਇਕੱਠੇ : ਇਨਕਲਾਬ : ਜ਼ਿੰਦਾਬਾਦ

ਸਾਮਰਾਜ : ਮੁਰਦਾਬਾਦ

ਦੋਵੇਂ ਗਾਣ ਲਗ ਜਾਂਦੇ ਹਨ। ਸੈਸ਼ਨ ਜੱਜ ਛੇਤੀ ਛੇਤੀ ਚਲਾ ਜਾਂਦਾ ਹੈ।



ਬਹੁਤ ਸਾਰੇ ਲੋਕ ਭਗਤ ਸਿੰਘ ਤੇ ਬੀ. ਕੇ. ਦੱਤ ਦੇ ਨਾਂ ਦੇ ਨਾਹਰੇ ਮਾਰਦੇ ਹਨ ਅਤੇ ਝੁਰਮਟ ਪਾ ਲੈਂਦੇ ਹਨ। ਸਿਪਾਹੀ ਉਨ੍ਹਾਂ ਨੂੰ ਡੰਡੇ ਉੱਘਰ ਉੱਘਰ ਪਰੇ ਹਟਾਉਂਦੇ ਹਨ। ਭੀੜ ਵਿਚ ਇਕ ਸਾਧੂ ਵੀ ਹੈ।

ਸਾਧੂ : ਭਾਰਤ ਦੇ ਸੂਰਬੀਰੋ, ਸਾਧੂਆਂ ਦਾ ਅਸ਼ੀਰਵਾਦ ਲਉ।

ਭਗਤ : (ਗਹੁ ਨਾਲ ਵੇਖਦਾ ਹੋਇਆ) ਮਹਾਤਮਾ ਜੀ, ਕਿੱਥੋਂ ਪਧਾਰੇ ਓ ? ਬੜਾ ਕਸ਼ਟ ਕੀਤਾ।

ਸਾਧੂ : ਹਰਦਵਾਰ ਦੇ ਸਾਧੂ ਸਮਾਜ ਨੇ ਮੈਨੂੰ ਭੇਜਿਆ ਹੈ।

ਸਿਪਾਹੀ : (ਡੰਡੇ ਉਲਾਰ ਕੇ) ਪਿੱਛੇ ਹਟੋ, ਨਹੀਂ ਮਾਰ ਖਾਓਗੇ।

ਸਾਧੂ : ਭਲੇ ਲੋਕ, ਇਤਨੇ ਸੰਗਦਿਲ ਮਤ ਬਣੋ, ਬਾਤ ਕਰਨੇ ਦੋ।

ਸਿਪਾਹੀ : ਮਹਾਤਮਾ ਜੀ ਤੁਹਾਨੂੰ ਮੈਂ ਕੁਛ ਨਹੀਂ ਕਹਿੰਦਾ, ਮੈਂ ਤਾਂ ਇਨ੍ਹਾਂ ਤਮਾਸ਼ਬੀਨਾਂ ਨੂੰ ਪਰੇ ਹਟਾ ਰਿਹਾਂ।

ਸਾਧੂ : (ਇਸ਼ਾਰੇ ਨਾਲ) ਵੀਰ ਪੁਰਸ਼, ਤੇਰਾ ਮਕਸਦ ਤਾਂ ਪੂਰਾ ਹੋ ਗਿਆ, ਤੇਰੀ ਮੁਕਤੀ ਦਾ ਮੁਕੰਮਲ ਪ੍ਰਬੰਧ ਹੋ ਚੁੱਕਾ ਹੈ।

ਭਗਤ : ਮਹਾਤਮਾ ਜੀ, ਮੈਂ ਤਾਂ ਪਹਿਲੇ ਵਿਸ਼ਵਾਸ ਤੇ ਅਟਕ ਹਾਂ।

ਸਾਧੂ : ਤੇਰੀ ਇੱਛਾ। ਅਸੀਂ ਤਾਂ ਤੇਰਾ ਕਸ਼ਟ ਨਿਵਾਰਨ ਲਈ ਤਪ ਸਾਧਨਾ ਕੀਤੀ ਹੋਈ ਸੀ।

ਭਗਤ : (ਝੁਕ ਕੇ ਪੈਰਾਂ ਨੂੰ ਹਥ ਲਾਂਦਾ ਹੋਇਆ) ਬਸ ਤੁਸੀਂ ਅਸ਼ੀਰਵਾਦ ਦਿਉ।

ਸਾਧੂ : (ਦੋਹਾਂ ਨੂੰ ਥਾਪੜਾ ਦਿੰਦਾ ਹੋਇਆ) ਸਦਾ ਸੁਖੀ ਰਹੋ, ਪਰਮਾਤਮਾ ਤੁਹਾਡਾ ਕਾਰਜ ਸਿਧ ਕਰੇ।

—

## ਪੰਜਵੀਂ ਝਾਕੀ

ਸਥਾਨ : ਮੀਆਂ ਵਾਲੀ ਜੇਲ੍ਹ

ਦ੍ਰਿਸ਼ : ਇਕ ਰੁੱਖੜ ਦੇ ਹੇਠ ਬਹੁਤ ਸਾਰੇ ਕੈਦੀ ਇਕੱਠੇ ਬੈਠੇ ਹਨ। ਭਗਤ ਸਿੰਘ ਖਲੋਤਾ ਹੈ ਅਤੇ ਉਨ੍ਹਾਂ ਨੂੰ ਸੰਬੋਧਨ ਕਰ ਰਿਹਾ ਹੈ।